
ਸਿੱਪ ਦੇ ਮੋਤੀ
ਗ਼ਜ਼ਲ-ਸੰਗ੍ਰਹਿ
ਬਲਬੀਰ ਸਿੰਘ ਸੈਣੀ

**ਏਸ ਕਲਮ ਤੋਂ**

ਫੁੱਲ ਕਪਾਹਾਂ ਦੇ (ਗ਼ਜ਼ਲ-ਸੰਗ੍ਰਹਿ)-1983
ਤਿੜ੍ਹਾਂ (ਕਾਵਿ-ਸੰਗ੍ਰਹਿ)-1984
ਮੇਰੇ ਗੀਤ (ਗੀਤ-ਸੰਗ੍ਰਹਿ)-2003
ਦੋ ਬੋਲਾਂ ਦੀ ਗੱਲ (ਕਹਾਣੀ-ਸੰਗ੍ਰਹਿ)-2005
ਸਿੱਪ ਦੇ ਮੋਤੀ (ਗ਼ਜ਼ਲ-ਸੰਗ੍ਰਹਿ)-2007
ਉਰਲੀਆਂ ਪਰਲੀਆਂ (ਲੇਖ-ਸੰਗ੍ਰਹਿ)
ਮਹਿਕ ਦਾ ਮੁੱਲ (ਕਹਾਣੀ-ਸੰਗ੍ਰਹਿ)
ਸਾਡਾ ਵਿਰਸਾ ਸਾਡਾ ਗੌਰਵ (ਸਿੱਖ-ਸ਼ਹੀਦਾਂ ਤੇ ਲੇਖ ਸੰਗ੍ਰਹਿ)

# ਸਿੱਪ ਦੇ ਮੋਤੀ

(ਗ਼ਜ਼ਲ-ਸੰਗ੍ਰਹਿ)

ਬਲਬੀਰ ਸਿੰਘ ਸੈਣੀ

ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੀ ਸਹਾਇਤਾ ਨਾਲ ਪ੍ਰਕਾਸ਼ਿਤ
**©2007, Balbir singh saini**

# Sip De Moti

**By**

## Balbir singh saini

**Parmanet Address**
Vill:Kathwa, P.O. Kalsana, Distt. Kurushetra(Haryana)
**Correspondence Address**
103-Sharma store, Bhakra Road,(opp. Rana public School)
Nagal Township-140124, Distt.Ropar (Pb.)
Ph.01887-223952

**2007**
Published By Lokgeet Parkashan
S.C.O.26-27, Sector 34A, Chandigarh-160022
Ph.0172-5077427,5077428
Punjabi Bhawan Ludhiana, 98154-71219
India
visit us at: www.unistarbooks.com
email:info@unistarbooks.com
email:sales@unistarbooks.com
email:editorial@unistarbooks.com
**Type Setting & Design PCIS**
**Printed & bound at Jai Offset Printers, Chandigarh**
**Ph.0172-2640382**
**©2007, Balbir singh saini**
Produced and Bound in india
All rights reserved

This book is sold subject to the condition that is shall not, by way of trade orotherwise,be lent, resold, hired out, orotherwise circulated without the publisher's prior written concent in any form of binding or cover other than that it is published and without a similar condition including this condition being imposed on the subsequentpurchaser and without limiting the rights under copyright reserved above, no part of this publication may be re produced,stored in or introduced in to a retrieval system, or transmitted in any form or by any means(electronic, mechanical, photocopying, recording or other wise) without the prior written permission of both the copyright owner and the above mentioned publisher of this book.

## ਗ਼ਜ਼ਲਈ ਤਬੀਅਤ ਦਾ ਸ਼ਾਇਰ- ਬਲਬੀਰ ਸਿੰਘ 'ਸੈਣੀ'

ਗ਼ਜ਼ਲ ਦਾ ਨਾਮ ਸੁਣਦਿਆਂ ਹੀ ਦਿਲ ਦੀ ਧੜਕਣ ਵਧ ਜਾਂਦੀ ਏ ਤੇ ਮਨ ਇਕ ਹੁਲਾਰਾ ਜਿਹਾ ਮਹਿਸੂਸ ਕਰਦਾ ਏ। ਜਾਣੋ ਕਿ ਦਿਲ ਸਤੱਰਕ ਹੋ ਜਾਂਦਾ ਏ ਬਈ ਉਸ ਦੀ ਗੱਲ ਹੋਣ ਲੱਗੀ ਏ। ਉਂਜ ਤਾਂ ਸਾਹਿਤ ਦੀ ਹਰ ਵਿਧਾ ਹੀ ਦਿਲ-ਨਿਮਾਣੇ 'ਤੇ ਅਸਰ-ਅੰਦਾਜ਼ ਹੋ ਜਾਂਦੀ ਏ ਪਰ ਗਦ-ਸਾਹਿਤ ਵਿਚ ਦਿਲ ਦੀ ਥਾਂ ਦਿਮਾਗ਼ ਨਾਲ ਸਬੰਧਤ ਗੱਲ ਜ਼ਿਆਦਾ ਹੁੰਦੀ ਏ। ਗਦ ਆਮ ਤੌਰ ਤੇ ਠੋਸ ਹਕੀਕਤਾਂ ਨਾਲ ਲੋਹਾ ਲੈਂਦਾ ਏ, ਤਰਕ ਨਾਲ ਵਿਚਰਦਾ ਏ ਤੇ ਇਸ ਤਰ੍ਹਾਂ ਪਾਠਕਾਂ ਨੂੰ ਆਪਣੀ ਸੋਚ ਦਾ ਧਾਰਨੀ ਬਣਾਉਂਦਾ ਏ। ਜਦ ਕਿ ਕਾਵਿ-ਸਾਹਿਤ ਆਮ ਤੌਰ 'ਤੇ ਦਿਲ ਦੀ ਗੱਲ ਕਰਦਾ ਏ, ਜਜ਼ਬਿਆਂ ਦਾ ਤਰਜ਼ਮਾਨ ਬਣਦਾ ਏ ਤੇ ਤਰਕ ਨੂੰ ਬਹੁਤੀ ਅਹਿਮੀਅਤ ਨਹੀਂ ਦਿੰਦਾ। ਇਉਂ ਵੀ ਕਿਹਾ ਜਾ ਸਕਦਾ ਏ ਕਿ ਗਦ-ਸਾਹਿਤ ਦਾ ਸੋਮਾ ਤਰਕ ਏ ਜਦ ਕਿ ਪਦ ਸਾਹਿਤ (ਕਾਵਿ-ਸਾਹਿਤ) ਦਾ ਸੋਮਾ ਜਜ਼ਬਾ ਏ। ਗ਼ਜ਼ਲ ਤਾਂ ਖ਼ਾਸ ਕਰਕੇ ਦਿਲ ਦੀ ਜ਼ੁਬਾਨ ਏ। ਗ਼ਜ਼ਲ ਬਾਰੇ ਜਨਾਬ ਦੀਪਕ ਜੈਤੋਈ ਸਾਹਿਬ ਦਾ ਇਹ ਕਥਨ ਸੌ-ਪ੍ਰਤੀਸ਼ਤ ਸਹੀ ਏ ਕਿ:

ਸੁਣ ਕੇ ਮਜ਼ਾ ਨਾ ਆਵੇ, ਉਸ ਨੂੰ ਗ਼ਜ਼ਲ ਨਾ ਆਖੋ।
ਦਿਲ ਵਿਚ ਜੇ ਖੁਭ ਨਾ ਜਾਵੇ, ਉਸ ਨੂੰ ਗ਼ਜ਼ਲ ਨਾ ਆਖੋ।

ਖ਼ੂਬੀ ਗ਼ਜ਼ਲ ਦੀ ਇਹ ਹੈ, ਦਿਲ ਨੂੰ ਚੜ੍ਹਾਵੇ ਮਸਤੀ,
ਜਿਹੜੀ ਦਿਮਾਗ਼ ਖਾਵੇ, ਉਸ ਨੂੰ ਗ਼ਜ਼ਲ ਨਾ ਆਖੋ।

ਅੱਜ ਕੱਲ ਕੁਝ ਅਖਾਉਤੀ ਸ਼ਾਇਰ ਗ਼ਜ਼ਲ ਨੂੰ ਵੀ ਦਿਲ ਨਾਲੋਂ ਤੋੜ ਕੇ ਦਿਮਾਗ਼ ਨਾਲ ਜੋੜਨ ਦੀ ਅਸਫਲ ਕੋਸ਼ਿਸ਼ ਕਰ ਰਹੇ ਹਨ। ਉਹ ਨਹੀਂ ਜਾਣਦੇ ਕਿ ਗ਼ਜ਼ਲ ਪਰਬਤਾਂ ਦੀ ਗੋਦ ਵਿੱਚੋਂ ਨਿਕਲੀ ਇੱਕ ਆਜ਼ਾਦ ਨਦੀ ਏ, ਜਿਸ ਦਾ ਨਿਰਮਲ ਤੇ ਸ਼ੀਤਲ ਕਲਵਲ-ਕਲਵਲ ਕਰਦਾ ਨੀਰ ਵਲਵਲਿਆਂ ਨੂੰ ਵੀ ਉਛਾਲਾ ਦਿੰਦਾ ਏ, ਮਾਨਸਿਕ ਭੁੱਖ ਵੀ ਮਿਟਾਉਂਦਾ ਏ ਤੇ ਸਾਡੀ ਪਿਆਰ ਦੀ ਪਿਆਸ ਨੂੰ ਵੀ ਤ੍ਰਿਪਤ ਕਰਦਾ ਏ। ਨਿਰਸੰਦੇਹ ਗ਼ਜ਼ਲ ਸਾਡੀ ਸੋਚ ਨੂੰ ਪ੍ਰਭਾਵਤ ਕਰਦੀ ਏ। ਸੋਚ ਨੂੰ ਪ੍ਰਭਾਵਤ ਕਰਨਾ ਉਸ ਦਾ ਆਸ਼ਾ ਹੋ ਸਕਦਾ ਏ, ਮੰਤਵ ਹੋ ਸਕਦਾ ਏ ਪਰ ਸੋਚ ਉਸ ਦਾ ਮੂਲ-ਸਰੋਤ ਨਹੀਂ ਹੋ ਸਕਦਾ। ਨਿਰੋਲ ਸੋਚ ਵਿੱਚੋਂ ਨਿਕਲੀ ਵਲਵਲੇ-ਹੀਣ

ਗ਼ਜ਼ਲ, ਗ਼ਜ਼ਲ ਨਹੀਂ ਹੋ ਸਕਦੀ, ਗ਼ਜ਼ਲ ਦੀ ਸ਼ਕਲ-ਸੂਰਤ ਨਾਲ ਮਿਲਦੀ ਕੋਈ ਹੋਰ ਚੀਜ਼ ਬੇਸ਼ਕ ਹੋਵੇ। ਗ਼ਜ਼ਲ ਵਿੱਚੋਂ ਹਰ ਹਾਲ ਸੋਚ ਨਿਕਲੇਗੀ, ਪਰ ਸੋਚ ਵਿੱਚੋਂ ਗ਼ਜ਼ਲ ਕੱਢਣੀ ਤਾਂ ਉਲਟੀ ਗੰਗਾ ਵਹਾਉਣ ਵਾਲੀ ਗੱਲ ਹੋ ਜਾਂਦੀ ਏ। ਸਮੁੰਦਰ ਨਦੀ ਦੀ ਮੰਜ਼ਿਲ ਹੋ ਸਕਦਾ ਏ, ਪਰ ਸਰੋਤ ਨਹੀਂ। ਜੇ ਅਸੀਂ ਸਮੁੰਦਰ ਵਿੱਚੋਂ ਨਹਿਰ ਕੱਢਕੇ ਆਪਣੇ ਤੇ ਆਪਣੇ ਖੇਤਾਂ ਦੀ ਪਿਆਸ ਬਝਾਉਣ ਦੀ ਜ਼ਿਦ ਕਰਾਂਗੇ ਤਾਂ ਕੁਦਰਤੀ ਏ ਕਿ ਕਾਮਯਾਬ ਨਹੀਂ ਹੋ ਸਕਾਂਗੇ। ਕਿਉਂ ਕਿ ਨਾ ਤਾਂ ਉਸ ਨਹਿਰ ਦਾ ਪਾਣੀ ਸਾਡੀ ਧਰਤੀ (ਜਜ਼ਬਿਆਂ) ਦੇ ਪੱਧਰ ਤੱਕ ਉੱਪਰ ਆ ਸਕਦਾ ਏ ਤੇ ਨਾ ਹੀ ਉਸ ਨਾਲ (ਉਸ ਵਿਚਲੇ ਗਾੜ੍ਹੇ ਲੂਣ ਕਾਰਨ) ਅਸੀਂ ਆਪਣੀ (ਰੂਹ ਦੀ) ਪਿਆਸ ਹੀ ਬੁਝਾ ਸਕਦੇ ਹਾਂ। ਇਸੇ ਤਰ੍ਹਾਂ ਦਿਮਾਗ਼ ਵਿੱਚੋਂ ਕੱਢੀ ਗਈ ਗ਼ਜ਼ਲ ਵਿਚ ਤਰਕ ਦਾ ਨਮਕ ਇਤਨਾ ਜ਼ਿਆਦਾ ਹੋਵੇਗਾ ਕਿ ਕਲਿਆਣਕਾਰੀ ਹੋਣ ਦੇ ਬਾਵਜੂਦ ਵੀ ਸਾਡਾ ਹਿਰਦਾ ਉਸ ਨੂੰ ਪਚਾ ਨਹੀਂ ਸਕੇਗਾ।

ਅੱਜ ਭਾਵੇਂ ਗ਼ਜ਼ਲ ਜੀਵਨ ਦੇ ਹਰ ਖੇਤਰ, ਹਰ ਵਿਸ਼ੇ ਨੂੰ ਬੜੀ ਕਾਮਯਾਬੀ ਨਾਲ ਅਪਨਾ ਅਤੇ ਨਿਭਾਅ ਰਹੀ ਏ ਪਰ ਫਿਰ ਵੀ ਉਹ ਆਪਣੇ ਸੁਭਾਅ ਨੂੰ ਤਲਾਂਜਲੀ ਨਹੀਂ ਦੇ ਰਹੀ। ਸਫਲ ਗ਼ਜ਼ਲ ਵਿਚ ਸਦਾ ਹੀ ਸੋਚ ਦੇ ਨਾਲ ਨਾਲ ਜਜ਼ਬਾ ਸੋਚ ਤੋਂ ਵੀ ਭਾਰੀ ਰਹੇਗਾ। ਗ਼ਜ਼ਲ ਦੀ ਭਾਸ਼ਾ ਤਰਕ ਦੀ ਭਾਸ਼ਾ ਤੋਂ ਤੇ ਖ਼ਾਸ ਕਰਕੇ ਅੱਜ ਕੱਲ੍ਹ ਦੇ ਬੁੱਧੀ-ਜੀਵੀਆਂ ਦੀ ਭਾਸ਼ਾ ਤੋਂ ਅਲੱਗ ਹੀ ਰਹੇਗੀ, ਕਿਉਂ ਕਿ ਗ਼ਜ਼ਲ ਸ਼ਾਇਰ ਦੇ ਹੀ ਨਹੀਂ ਆਵਾਮ ਦੇ ਵੀ ਦਿਲ ਦੀ ਤਰਜ਼ਮਾਨੀ ਕਰਦੀ ਏ। ਇਸੇ ਕਰਕੇ ਉਸ ਦੀ ਭਾਸ਼ਾ ਆਮ ਲੋਕਾਂ ਦੀ ਪਰ ਸੱਭਿਅ ਅਤੇ ਸਰਲ ਭਾਸ਼ਾ ਹੀ ਰਹਿੰਦੀ ਏ।

ਉਪਰੋਕਤ ਵਿਚਾਰਾਂ ਦੀ ਰੌਸ਼ਨੀ ਵਿਚ ਬਲਬੀਰ ਸਿੰਘ ਸੈਣੀ ਦੀ ਗ਼ਜ਼ਲ 'ਤੇ ਝਾਤ ਮਾਰੀਏ ਤਾਂ ਉਹ ਗ਼ਜ਼ਲ ਦੀ ਪ੍ਰੀਭਾਸ਼ਾ 'ਤੇ ਸੋਲਾਂ ਆਨੇ ਖਰੀ ਉੱਤਰਦੀ ਏ। ਮੁਆਫ਼ ਕਰਨਾ, ਮੈਂ ਆਪਣੇ ਇਕਲੌਤੇ ਦੋਸਤ ਬਲਬੀਰ ਸਿੰਘ ਸੈਣੀ ਨੂੰ ਹਮੇਸ਼ਾ 'ਬਲਬੀਰ' ਹੀ ਕਿਹਾ ਏ ਤੇ ਇੱਥੇ ਵੀ ਮੈਂ ਉਸ ਨੂੰ 'ਬਲਬੀਰ' ਹੀ ਕਹਿਣ ਦੀ ਇਜ਼ਾਜਤ ਚਾਹਾਂਗਾ। ਹਾਂ-ਬਲਬੀਰ ਮੇਰੇ ਨਾਲੋਂ ਵੀ ਵੱਧ ਕੇ 'ਦਿਲ' ਦਾ ਸ਼ਾਇਰ ਏ। ਜੇ ਮੈਂ ਕਹਾਂ ਕਿ ਹਕੀਕੀ ਜੀਵਨ ਵਿਚ ਵੀ ਉਹ ਮੇਰੇ ਨਾਲੋਂ ਵਧ ਦਿਲ-ਪ੍ਰਸਤ ਰਿਹਾ ਏ ਤਾਂ ਇਸ ਵਿਚ ਅਤਿਕਥਨੀ ਵਾਲੀ ਕੋਈ ਗੱਲ ਨਹੀਂ ਹੋਵੇਗੀ। ਉਸ ਨੇ ਸਦਾ ਜਜ਼ਬੇ ਨੂੰ ਹਕੀਕਤ ਨਾਲੋਂ ਵਧ ਮਾਨਤਾ ਦਿੱਤੀ ਏ ਤੇ ਮੈਂ ਵੇਖਿਆ ਹੈ ਕਿ ਉਸ ਦੇ ਜੀਵਨ ਵਿਚ ਜਜ਼ਬੇ ਸਦਾ ਵਿਜਈ ਹੋ ਕੇ ਨਿਕਲੇ ਨੇ। ਉਸ ਦੇ ਜੀਵਨ, ਉਸ ਦੇ ਘਰ ਅਤੇ ਉਸ ਦੇ ਰਹਿਣ-ਸਹਿਣ ਵਿੱਚ ਬਹੁਤ ਕੁਝ ਅਜਿਹਾ ਮੌਜੂਦ ਏ ਜਿਹੜਾ ਉਸਦੇ ਦਿਲ-ਪ੍ਰਸਤ ਹੋਣ ਦੀ ਹਾਮੀ ਭਰਦਾ ਹੈ।

ਅੱਜ-ਕੱਲ੍ਹ ਦੇ ਅਖਾਉਤੀ ਆਲੋਚਕ (ਵੱਡੇ-ਬੁੱਧੀਜੀਵੀ) ਕਿਸੇ ਲਿਖਤ ਦੀ ਆਲੋਚਣਾ/ਸਮਾਲੋਚਣਾ ਕਰਦੇ ਸਮੇਂ ਉਸ ਲਿਖਤ ਦੀ 'ਵਿਧਾ' ਵੱਲ ਧਿਆਨ ਨਹੀਂ ਦਿੰਦੇ। ਉਹ ਗ਼ਜ਼ਲ ਦੀ ਵੀ ਗੱਲ ਕਰਨਗੇ ਤਾਂ ਨਿਰੋਲ ਵਿਚਾਰਧਾਰਾ ਦੀ ਹੀ ਗੱਲ ਕਰਕੇ ਗੱਲ ਖ਼ਤਮ ਕਰ ਦੇਣਗੇ, ਜਦ ਕਿ ਪਹਿਲੀ ਗੱਲ ਤਾਂ ਇਹੋ ਹੋਣੀ ਚਾਹੀਦੀ ਹੈ ਕਿ ਜਿਸ ਵਿਧਾ ਨੂੰ ਲੇਖਕ ਨੇ ਅਪਣਾਇਆ ਏ, ਉਹ ਉਸ ਵਿਧਾ ਨਾਲ

ਇਨਸਾਫ਼ ਵੀ ਕਰ ਸਕਿਆ ਏ ਕਿ ਨਹੀਂ? ਜੇ ਉਸ ਨੇ ਗ਼ਜ਼ਲ ਲਿਖੀ ਏ ਤਾਂ ਉਸ ਦੀ ਲਿਖਤ ਗ਼ਜ਼ਲ ਹੈ ਵੀ ਕਿ ਨਹੀਂ? ਜੇ ਉਹ ਲਿਖਤ ਗ਼ਜ਼ਲ ਦੀ ਕਸੌਟੀ 'ਤੇ ਪੂਰੀ ਹੀ ਨਹੀਂ ਉੱਤਰਦੀ ਤਾਂ ਉਸ ਵਿਚਲੇ ਵਿਚਾਰ ਵੀ ਆਪਣਾ ਸਹੀ ਪ੍ਰਭਾਵ ਨਹੀਂ ਪਾ ਸਕਣਗੇ। ਦੇਖੋ! ਨਵੀਂ ਦੁਲਹਣ ਜੇ ਔਰਤ ਹੀ ਨਾ ਹੋਵੇ, ਕੁਝ ਹੋਰ ਹੀ ਹੋਵੇ, ਤਾਂ ਉਸ ਦੇ ਹੱਕ ਵਿੱਚ ਇਹ ਤਰਕ ਬੇ-ਤਰਕ ਹੋ ਕੇ ਰਹਿ ਜਾਵੇਗਾ ਕਿ ਉਸ ਦੇ ਵਿਚਾਰ ਬਹੁਤ ਉੱਤਮ ਨੇ। ਅੱਜ ਦੇ ਜ਼ਿਆਦਾਤਰ ਆਲੋਚਕ ਕੁਝ ਐਸਾ ਹੀ ਕਰ ਰਹੇ ਨੇ। ਉਹਨਾਂ ਦੀ ਮਜ਼ਬੂਰੀ ਇਹ ਹੈ ਕਿ ਉਹ ਆਪਣੀ 'ਨੇਕ' ਸਲਾਹ ਦੇ ਕੇ 'ਘੜੰਮ-ਚੌਧਰੀ' ਬਣਨਾ ਚਾਹੁੰਦੇ ਨੇ, ਭਾਵੇਂ ਕਿ ਉਹਨਾਂ ਨੂੰ ਗ਼ਜ਼ਲ-ਵਿਧਾ ਬਾਰੇ ਉੱਕਾ ਹੀ ਗਿਆਨ ਨਾ ਹੋਵੇ। ਪਰ ਬਲਬੀਰ ਜਿਹੇ ਪੁਖ਼ਤਾ ਸ਼ਾਇਰ ਦੀ ਗ਼ਜ਼ਲ ਬਾਰੇ ਗੱਲ ਕਰਦਿਆਂ ਗ਼ਜ਼ਲ ਬਾਰੇ ਉਸ ਦੀ ਪ੍ਰਤੀਬੱਧਤਾ ਅਤੇ ਪੁਖ਼ਤਗੀ ਦਾ ਜ਼ਿਕਰ ਨਾ ਕਰਨਾ ਉਸ ਦੀ ਲਗਣ, ਮਿਹਨਤ ਅਤੇ ਦਿਆਨਤਦਾਰੀ ਨਾਲ ਗ਼ੈਰ-ਦਿਆਨਤਦਰੀ ਹੋਵੇਗੀ।

ਬਲਬੀਰ ਨੂੰ ਮੈਂ 1966 ਤੋਂ ਜਾਣਦਾ ਹੀ ਨਹੀਂ ਸਗੋਂ ਉਦੋਂ ਤੋਂ ਹੀ ਅਸੀਂ 'ਏਕ ਜੋਤਿ ਦੋਇ ਮੂਰਤੀ' ਰਹੇ ਹਾਂ। ਇਸ ਦੌਰਾਨ ਮੈਂ ਵੇਖਿਆ ਏ ਕਿ ਉਸ ਨੇ ਗ਼ਜ਼ਲ 'ਤੇ ਕਿੰਨੇ ਸਿਰੜ ਨਾਲ ਮਿਹਨਤ ਕੀਤੀ ਏ। ਇਵੇਂ ਪਲ਼-ਪਲ਼ ਪੁਸ਼ਤਗੀ ਦੇ ਨੇੜੇ ਹੁੰਦਿਆਂ ਅੱਜ ਉਹ ਇੱਕ ਕਾਮਯਾਬ ਉਸਤਾਦ-ਗ਼ਜ਼ਲਗੋ ਦੇ ਰੂਪ ਵਿੱਚ ਪੂਰੀ ਤਰ੍ਹਾਂ ਸਥਾਪਿਤ ਏ। ਉਸਨੇ ਅਰੂਜ਼ ਦੀ ਬਕਾਇਦਾ ਸਿੱਖਿਆ ਉਸਤਾਦ ਜਨਾਬ ਦੀਪਕ ਜੈਤੋਈ ਸਾਹਿਬ ਤੋਂ ਪ੍ਰਾਪਤ ਕੀਤੀ ਏ ਤੇ ਹੁਣ ਦਰਸ਼ਨ ਬੇਦੀ, ਰਾਜਿੰਦਰ ਸਹਿਗਲ ਅਤੇ ਅਸ਼ੋਕ ਰਾਹੀਂ ਜਿਹੇ ਪੁਖ਼ਤਾ-ਗੋ-ਸ਼ਾਇਰ ਉਸ ਦੇ ਸ਼ਾਗਿਰਦ ਨੇ।

ਬਲਬੀਰ ਭਾਵੇਂ ਇੱਕ ਕਹਾਣੀਕਾਰ, ਗੀਤਕਾਰ, ਸਟੇਜੀ ਕਵੀ ਅਤੇ ਨਿਬੰਧਕਾਰ ਦੇ ਤੌਰ 'ਤੇ ਵੀ ਪੂਰੀ ਤਰ੍ਹਾਂ ਸਫਲ ਲੇਖਕ ਏ ਪਰ ਗ਼ਜ਼ਲ ਵਿੱਚ ਤਾਂ ਉਸ ਦੀ ਰੂਹ ਵੱਸਦੀ ਏ। ਉਸ ਦੀ ਗ਼ਜ਼ਲ ਸਦਾ ਸਹੀ ਬਹਿਰ-ਵਜ਼ਨ ਦੀ ਧਾਰਨੀ ਹੁੰਦੀ ਏ। ਉਹ ਗ਼ਜ਼ਲ ਦੀ ਤਕਨੀਕ, ਗ਼ਜ਼ਲ ਦੇ ਮਿਜਾਜ਼ ਅਤੇ ਗ਼ਜ਼ਲ ਦੀ ਭਾਸ਼ਾ ਤੋਂ ਭਲੀ-ਭਾਂਤ ਵਾਕਿਫ਼ ਏ। ਬਲਬੀਰ ਨੂੰ ਵਿਧਾਤਾ ਨੇ ਜਿੱਥੇ ਸ਼ਾਇਰਾਨਾ ਤਬੀਅਤ ਅਤੇ ਆਸ਼ਿਕਾਨਾ ਦਿਲ ਬਖ਼ਸ਼ਿਸ਼ ਕੀਤਾ ਏ, ਉੱਥੇ ਸਰੀਰਕ ਖ਼ੂਬਸੂਰਤੀ ਦੀ ਦੌਲਤ ਨਾਲ ਵੀ ਮਾਲਾ-ਮਾਲ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਸ਼ਾਇਦ ਉਹਦੇ ਵਰਗੇ ਹੀ ਕਿਸੇ ਪ੍ਰੇਮੀ ਬਾਰੇ ਉਸ ਦੀ ਪ੍ਰੇਮਕਾ ਨੇ ਕਿਹਾ ਹੋਵੇ,"ਮੇਰਾ ਯਾਰ ਸਰੂ ਦਾ ਬੂਟਾ, ਵਿਹੜੇ ਵਿਚ ਲਾ ਛੱਡਦੀ।" ਗੋਰਾ ਚਿੱਟਾ ਰੰਗ, ਸੁਹਣੇ ਸੁਜੀਲੇ ਨੈਣ-ਨਕਸ਼, ਦਰਮਿਆਨੀ ਫਿਕਸ ਕੀਤੀ ਦਾਹੜੀ ਤੇ ਨਿੱਕੀਆਂ-ਨਿੱਕੀਆਂ ਮੁੱਛਾਂ ਵਿੱਚੋਂ ਫੁੱਟ ਫੁੱਟ ਪੈਂਦੀ ਮੁਸਕਰਾਹਟ ਕਿਸੇ ਦਾ ਵੀ ਦਿਲ ਖੋ ਲੈ ਜਾਣ ਦੇ ਪੂਰੀ ਤਰ੍ਹਾਂ ਸਮਰੱਥ ਏ। ਉਸ ਨੂੰ ਆਪਣੀ ਇਸ ਦਿਲ-ਖਿੱਚਵੀ ਸਖ਼ਸ਼ੀਅਤ ਦਾ ਅਹਿਸਾਸ ਵੀ ਏ। ਤਾਂ ਹੀ ਤਾਂ ਕਹਿੰਦਾ ਏ:

ਜਦੋਂ ਮਹਿਫ਼ਲ 'ਚ ਪਬ ਧਰਦੈ, ਤਾਂ ਸਾਰੇ ਕਹਿ ਉੱਠਣ ਏਦਾਂ,
ਲਉ ਜੀ ਆ ਗਿਆ ਸੈਣੀ, ਲਉ ਜੀ ਆ ਗਿਆ 'ਸੈਣੀ'।

ਬਲਬੀਰ ਨੂੰ ਜੇ ਮੂਲ-ਰੂਪ ਵਿੱਚ ਪਿਆਰ-ਮੁਹੱਬਤ ਦਾ ਸ਼ਾਇਰ ਜਾਂ 'ਸਰਾਪਾ ਮੁਹੱਬਤ'

ਵੀ ਆਖ ਲਈਏ ਤਾਂ ਇਸ ਵਿਚ ਕੋਈ ਝੂਠੀ ਗੱਲ ਨਹੀਂ ਹੋਵੇਗੀ। ਉਸ ਨੇ ਦਿਲ ਦੀਆਂ ਗਹਿਰਾਈਆਂ ਤੋਂ ਪਿਆਰ ਕੀਤਾ ਵੀ ਏ ਤੇ ਬਿਆਨਿਆਂ ਵੀ ਏ। ਜਿੱਥੇ ਇਹ ਪਿਆਰ ਦੀ ਗੱਲ ਕਰਦਾ ਏ, ਉੱਥੇ ਐਨੇ ਪਿਆਰ ਨਾਲ ਗੱਲ ਕਰਦਾ ਏ ਕਿ ਇਕ ਅਜ਼ੀਬ ਤਰ੍ਹਾਂ ਦਾ ਨਸ਼ਾ ਤਾਰੀ ਕਰ ਦਿੰਦਾ ਏ:

ਨੀਂਦਰ ਵਰਗੇ ਮਿੱਠੇ ਯਾਰਾ, ਦਿਲ ਕਰਦੈ,
ਮੁੜ ਨਾ ਜਾਗਾਂ, ਸੌਂ ਕੇ ਤੇਰੀਆਂ ਬਾਹਾਂ ਵਿਚ।

ਉਹ ਮੁਹੱਬਤ ਵਾਸਤੇ ਤਾਂ ਮਰ ਮਿਟ ਜਾਣ ਨੂੰ ਵੀ ਸੁਆਬ ਹੀ ਸਮਝਦਾ ਏ। ਉਸ ਦੀ ਮੁਹੱਬਤ ਦੇ ਸਾਹਮਣੇ ਸੰਸਾਰਕ ਰੋਕਾਂ-ਟੋਕਾਂ ਕੋਈ ਅਹਿਮੀਅਤ ਨਹੀਂ ਰੱਖਦੀਆਂ:

ਜਿਸ ਯਾਰ ਦੇ ਲੇਖੇ ਲੱਗਣਾ ਹੈ, ਉਹ ਲੇਖੇ ਜੋਖੇ ਨਹੀਂ ਕਰਦਾ,
ਉਸ ਨੂੰ ਦਿਨ ਰਾਤ ਦੀ ਕੀ ਚਿੰਤਾ, ਆਥਣ-ਪ੍ਰਭਾਤ ਦਾ ਕੀ ਮਤਲਬ?

ਉਸਦੇ ਹੌਸਲੇ ਨੂੰ ਕੋਈ ਦੁਨਿਆਵੀ ਹਨੇਰੀ ਤੂਫ਼ਾਨ ਪਸਤ ਨਹੀਂ ਕਰ ਸਕਦਾ:

ਜਿਨ੍ਹਾਂ ਨੇ ਉੱਡਣਾ ਹੁੰਦੈ, ਹਵਾ ਨਹੀਂ ਵੇਖਿਆ ਕਰਦੈ।
ਜੋ ਸੂਰਜ ਵਾਂਗ ਚੜ੍ਹਦੇ ਨੇ, ਘਟਾ ਨਹੀਂ ਵੇਖਿਆ ਕਰਦੈ।

ਮੁਹੱਬਤ ਦੀ ਨਜ਼ਰ ਦੇ ਮੁੱਲ ਵਿਕ ਜਾਣ ਵਾਲੇ ਵਾਸਤੇ ਯਾਰ ਦੀ ਮੁਹੱਬਤ ਨੂੰ ਤੋਲਣ ਵਾਸਤੇ ਕੋਈ ਤੱਕੜੀ ਤਰਾਜ਼ੂ ਮਾਇਨੇ ਨਹੀਂ ਰੱਖਦੇ:

ਦਿਲਾਂ ਦੇ ਸੌਦੇ ਕਰ ਲੈਂਦੇ ਨੇ ਜੋ ਪਹਿਲੀ ਨਜ਼ਰ ਵਿਚ ਹੀ,
ਉਹ ਬਣਕੇ ਬਾਣੀਏ, ਖੋਟਾ-ਖਰਾ ਨਹੀਂ ਵੇਖਿਆ ਕਰਦੇ।

ਉਹ ਤਾਂ ਆਪਣੇ ਯਾਰ ਵੱਲੋਂ ਦਿੱਤੇ ਦਰਦ-ਗ਼ਮ ਨੂੰ ਵੀ ਅਮੋਲਕ ਖ਼ਜ਼ਾਨੇ ਵਾਂਗੂੰ ਸਾਂਭ ਸਾਂਭ ਰੱਖਦਾ ਏ:

ਖ਼ੁਸ਼ੀਆਂ, ਖੇੜੇ, ਜਜ਼ਬੇ, ਸਧਰਾਂ, ਲੈ ਲਉ, ਬੇਸ਼ਕ ਸੱਭੇ ਲੈ ਲਉ,
ਪਰ ਜਿਹੜੇ ਨੇ ਦਰਦ ਯਾਰ ਦੇ, ਉਹ ਨਾ ਦਰਦ ਵੰਡਾਓ ਯਾਰੋ।

ਪਰ ਮੁਹੱਬਤ ਦਾ ਇਹ ਸ਼ਾਇਰ ਇਹ ਵੀ ਜਣਦੈ ਕਿ ਮੁਹੱਬਤ ਦੇ ਵੀ ਐਵੇਂ ਪਰਦੇ ਹੀ ਹੁੰਦੇ ਨੇ, ਇਹ ਆਜ਼ਮਾਉਣ ਵਾਲੀ ਵਸਤੂ ਨਹੀਂ ਹੁੰਦੀ, ਤਾਂ ਹੀ ਤਾਂ ਕਹਿੰਦਾ ਏ:

ਕੀ ਕਿਹੈ? ਮੈਂ ਉਸ ਨੂੰ ਪਰਖਾਂ? ਦੋਸਤੋ ਇਹ ਹੈ ਗ਼ਲਤ,
ਕੀ ਬਣੂਗਾ ਫਿਰ, ਜੇ ਉਹ ਵੀ ਨਿਕਲਿਆ ਲੋਕਾਂ ਜਿਹਾ?

ਬਲਬੀਰ ਦੀ ਗ਼ਜ਼ਲ ਦੀ ਗੱਲ ਕਰਦਿਆਂ ਸਭ ਤੋਂ ਪਹਿਲਾਂ ਮੈਂ ਇਹ ਨਿਸ਼ਚਿਤ ਤੌਰ 'ਤੇ ਕਹਿ ਦੇਣਾ ਵਾਜਬ ਸਮਝਦਾ ਹਾਂ ਕਿ ਉਸ ਦੀ ਗ਼ਜ਼ਲ ਅਰੂਜ਼ ਦੇ ਸਭ ਤਕਾਜ਼ਿਆਂ 'ਤੇ ਪੂਰੀ ਹੀ ਨਹੀਂ ਉੱਤਰਦੀ, ਬਲਕਿ ਅਰੂਜ਼ ਉਸ ਦੀ ਗ਼ਜ਼ਲ ਤੇ ਨਾਜ਼ ਵੀ ਕਰ ਸਕਦਾ ਏ। ਉਸ ਦੀ ਗ਼ਜ਼ਲ ਕੇਵਲ ਚੰਨ ਵਰਗੀ ਸੁਹਣੀ ਹੀ ਨਹੀਂ, ਸਗੋਂ ਸਿਆਣੀ ਤੇ ਸੁਸ਼ੀਲ ਦੁਲਹਣ ਦੇ ਰੂਪ ਵਿਚ ਸੁਸਰਾਲ ਰੂਪੀ ਪਾਠਕ ਵਰਗ ਵਿੱਚ ਪੂਰੀ ਇੱਜ਼ਤ ਅਤੇ ਮਾਣ ਪ੍ਰਾਪਤ ਕਰਨ ਦੇ ਵੀ ਕਾਬਿਲ ਏ। ਅਰੂਜ਼ ਦੀਆਂ

ਸਖ਼ਤ ਬੰਧਿਸ਼ਾਂ ਵਿੱਚ ਨਿਭਣ ਵਿੱਚ ਉਸ ਨੂੰ ਮਜ਼ਾ ਵੀ ਆਉਂਦਾ ਏ ਤੇ ਮਾਣ ਵੀ ਹੁੰਦਾ ਏ:

ਜ਼ਰਾ ਮੁਸ਼ਕਿਲ ਵੀ ਹੁੰਦੀ ਹੈ, ਤੇ ਹੁੰਦੇ ਮਾਣ ਵੀ 'ਸੈਣੀ'
ਰਹੇ ਜੋ ਬੰਧਿਸ਼ਾਂ ਅੰਦਰ, ਕਹੇ ਜੋ ਬੰਧਿਸ਼ਾਂ ਅੰਦਰ।

ਬਲਬੀਰ ਦੀ ਅਰੂਜ਼ ਬਾਰੇ ਮੁਹਾਰਤ ਵੇਖਣ ਵਾਸਤੇ ਇਹ ਇੱਕ ਹੀ ਸ਼ਿਅਰ ਵੇਖ ਲਈਏ। ਇਸ ਸ਼ਿਅਰ ਵਿਚ ਵੇਖੋ ਕਿਵੇਂ ਇੱਕ ਇੱਕ ਲਫ਼ਜ਼ ਰੁਕਨੀ-ਟੁਕੜੀਆਂ ਵਿੱਚ ਵੰਡਿਆ ਪਿਆ ਏ। ਇਸ ਤਰ੍ਹਾਂ ਸਾਲਮ ਰੁਕਣ ਨਿਭਾਉਣੇ, ਵੇਖਣ ਵਿੱਚ ਖ਼ੂਬਸੂਰਤ ਵੀ ਲੱਗਦੇ ਨੇ ਤੇ ਸੌਖੇ ਵੀ, ਪਰ ਇਹਨਾਂ ਨੂੰ ਨਿਭਾਉਣਾ ਇੱਕ ਲੰਬੇ ਸਿਰੜੀ-ਅਭਿਆਸ ਦਾ ਹੀ ਕ੍ਰਿਸ਼ਮਾ ਹੁੰਦਾ ਏ:

ਖ਼ੁਦੀ ਛੱਡਾਂ, ਪਵਾਂ ਪੈਰੀਂ, ਕਰਾਂ ਮਿੰਨਤਾਂ, ਭਰਾਂ ਹਉਕੇ,
ਮੈਂ ਆਪਣੇ ਆਪ ਨੂੰ ਏਨਾ ਗਿਰਾਵਾਂ? ਹੋ ਨਹੀਂ ਸਕਦਾ।

ਬਲਬੀਰ ਨੇ ਬਹੁਤ ਛੋਟੀਆਂ ਬਹਿਰਾਂ ਵਿੱਚ ਵੀ ਲਿਖਿਆ ਏ ਤੇ ਬਹੁਤ ਲੰਮੀਆਂ ਬਹਿਰਾਂ 'ਤੇ ਵੀ ਤਬਾਅ ਆਜ਼ਮਾਈ ਏ। ਜਿੱਥੇ ਛੋਟੀ ਬਹਿਰ ਵਿੱਚ ਪਾਏਦਾਰ ਗੱਲ ਕਹਿਣੀ ਮੁਸ਼ਕਿਲ ਹੋ ਜਾਂਦੀ ਏ, ਉੱਥੇ ਲੰਮੀ ਬਹਿਰ ਨੂੰ ਬੇ-ਐਬ ਨਿਭਾਅ ਸਕਣਾ ਔਖਾ ਹੋ ਜਾਂਦਾ ਏ। ਪਰ ਇਸ ਸ਼ਾਇਰ ਨੇ ਕਿੰਨੀਆਂ ਲੰਮੀਆਂ ਬਹਿਰਾਂ ਨੂੰ ਬਾਖ਼ੂਬੀ ਨਿਭਾਇਆ ਹੈ:

ਹਰ ਘੜੀ ਮੈਨੂੰ ਤੂੰ ਕੋਸਦੈਂ ਕਾਸ ਤੋਂ,
ਕਿਹੜੀ ਗੱਲੋਂ ਸੁਜਾਈ ਤੂੰ ਮੂੰਹ ਰੱਖਦੈਂ,
ਮੈਂ ਤਾਂ ਸੁਫਨੇ 'ਚ ਵੀ ਤੈਨੂੰ ਮੇਰੇ ਸਨਮ,
ਮਾੜਾ ਦੱਸਿਆ, ਬੁਰਾ ਆਖਿਆ ਵੀ ਨਹੀਂ।

ਮੈਂ ਜਿਵੇਂ ਤੈਨੂੰ ਚਾਹਿਐ, ਤੂੰ ਕੀ ਜਾਣਦੈਂ,
ਪੂਜਾ ਕੀਤੀ ਕਿਵੇਂ ਰੱਬ ਤੈਨੂੰ ਜਾਣਕੇ,
ਉੱਥੇ ਤਕ ਪਹੁੰਚਣੀ ਹੈ ਤੇਰੀ ਸੋਚ ਕੀ,
ਤੂੰ ਸਮਝਿਆ ਨਹੀਂ, ਸੋਚਿਆ ਵੀ ਨਹੀਂ।

ਇੱਕ ਹੋਰ ਲੰਮੀ ਬਹਿਰ ਦੀ ਗ਼ਜ਼ਲ ਦਾ ਇਕ ਸ਼ਾਇਰ ਦੇਖੀਏ:

ਮਿਰੇ ਦਿਲ ਦੇ ਜ਼ਖ਼ਮਾਂ 'ਤੇ ਨਸ਼ਤਰ ਚਲਾ ਤੂੰ,
ਮਿਰੇ ਦਿਲ ਦੇ ਜ਼ਖ਼ਮਾਂ 'ਤੇ ਪਾਈ ਜਾ ਮਿਰਚਾਂ,
ਮਿਰੀ ਜਾਨ ਲੈ ਲੈ, ਚੁਰਾ ਚੈਨ ਬੇਸ਼ਕ,
ਤੂੰ ਨਜ਼ਰਾਂ ਚੁਰਾਵਣ ਦੀ ਕੋਸ਼ਿਸ਼ ਨਾ ਕਰਨਾ।

ਸ਼ਾਇਰ ਆਪਣੀ ਸ਼ਾਇਰੀ ਨੂੰ ਕੇਵਲ ਸਾਦ-ਮੁਰਾਦੀ ਬੋਲੀ ਤੇ ਸ਼ੈਲੀ ਵਿਚ ਹੀ ਪਾਠਕਾਂ ਸਾਹਮਣੇ ਨਹੀਂ ਪੇਸ਼ ਕਰ ਦਿੰਦਾ, ਸਗੋਂ ਉਸ ਨੂੰ ਸੁਆਰ-ਬਣਾ ਕੇ ਤੇ ਸ਼ਿੰਗਾਰ ਕੇ ਪਾਠਕਾਂ ਦੀ ਨਜ਼ਰ ਕਰਦਾ ਏ। ਸ਼ਾਇਰੀ ਵਿੱਚ ਜਿੱਥੇ ਅਲੰਕਾਰ ਰੂਪੀ ਜ਼ੇਵਰ ਸ਼ਾਇਰੀ ਦੇ ਰੂਪ ਨੂੰ ਹੋਰ ਨਿਖ਼ਾਰਦੇ ਨੇ ਉੱਥੇ ਕੁਝ ਹੋਰ ਢੰਗ-ਤਰੀਕੇ ਵੀ ਨੇ,

ਜਿਹਨਾਂ ਨਾਲ ਸ਼ਾਇਰੀ ਰੂਪੀ ਨਾਜ਼ਨੀ ਹੋਰ ਖ਼ੂਬਸੂਰਤ ਨਜ਼ਰ ਆਉਂਦੀ ਏ। ਇਹਨਾਂ ਵਿੱਚੋਂ ਇੱਕ ਏ 'ਤੱਜਾਦ', ਯਾਨੀ ਕਿ 'ਵਿਰੋਧਾਭਾਸ'। ਤੱਜਾਦ ਦਾ ਇਕ ਨਮੂਨਾ ਪੇਸ਼ ਏ:

ਤਿਰੇ ਵਾਅਦੇ, ਮਿਰੇ ਤਰਲੇ, ਜਫ਼ਾ ਤੇਰੀ, ਵਫ਼ਾ ਮੇਰੀ,
ਬੜੀ ਵਾਰੀ ਮੈਂ ਤੱਕਿਆ ਹੈ, ਕਦੀ ਸਮਤੋਲ ਨਹੀਂ ਹੁੰਦੇ।

ਤਜਾਦ ਦੇ ਹੀ ਦੋ ਹੋਰ ਸ਼ਿਅਰ:

ਮੇਰੀ ਆਦਤ-ਸਦਾ ਵਿਸ਼ਵਾਸ ਕਰਨਾ ਤੇਰੇ ਵਾਅਦੇ 'ਤੇ
ਤੇਰੀ ਆਦਤ-ਸਦਾ ਹੀ ਵਾਅਦਾ ਕਰਨਾ ਤੇ ਮੁਕਰ ਜਾਣਾ।

ਕਿਸੇ ਦੇ ਪਿਆਰ ਦਾ ਦਿਲ ਵਿਚ ਉਤਰ ਜਾਣਾ-ਬੜਾ ਚੰਗੈ,
ਬੜਾ ਮਾੜੈ, ਕਿਸੇ ਦੇ ਪਿਆਰ ਦਾ ਦਿਲ 'ਤੋਂ ਉਤਰ ਜਾਣਾ।

ਇਸੇ ਤਰ੍ਹਾਂ 'ਪੁਨਰ-ਆਵਰਤੀ' ਵੀ ਕਾਵਿ-ਕਲਾ ਦੇ ਰੰਗ ਨੂੰ ਹੋਰ ਖ਼ੂਬਸੂਰਤੀ ਬਖ਼ਸ਼ਦੀ ਏ। ਪੁਨਰ-ਆਵਰਤੀ ਤੋਂ ਭਾਵ ਏ ਬਈ ਇਕ ਜਾਂ ਕੁਝ ਲਫ਼ਜ਼ਾਂ ਦਾ ਸ਼ਿਅਰ ਵਿਚ ਵਾਰ ਵਾਰ ਆਉਣਾ:

ਕਦੇ ਇਕ ਵਾਰ ਆਖਣ ਤੇ, ਤੂੰ ਸੌ ਸੌ ਵਾਰ ਆਉਂਦਾ ਸੀ
ਮਗਰ ਹੁਣ ਕਿਉਂ ਨਹੀਂ ਆਉਂਦਾ, ਕਿਹੈ ਸੌ ਵਾਰ, ਆ ਵੀ ਜਾ!

ਇਕ ਹੋਰ ਸ਼ਿਅਰ ਦਾ ਮਜ਼ਾ ਲਓ:

ਕਿੰਨੇ ਸਾਲਾਂ ਤੋਂ ਬੇਸ਼ਕ ਤੂੰ, ਆਇਆ ਨਹੀਂ ਬਨੇਰੇ 'ਤੇ
ਫਿਰ ਵੀ ਮੇਰੀ ਨੀਝ ਹੈ ਲੱਗੀ, ਪੌੜੀ ਵਾਂਗ ਬਨੇਰੇ ਨਾਲ।

ਵਾਹ ਵਾਹ! ਕਿਆ ਤਖ਼ੀਅਲ ਏ! ਵੇਖੋ! ਯਾਰ ਦੇ ਬਨੇਰੇ ਤੇ ਆਉਣ ਦੀ ਉਡੀਕ ਵਿੱਚ ਧਰਤੀ 'ਤੇ ਖਲੋਤਾ ਆਸ਼ਿਕ ਬਨੇਰੇ ਤੇ ਨਜ਼ਰ ਗੱਡੀ ਖੜਾ ਏ। ਉਸ ਦੀ ਬਨੇਰੇ ਤੱਕ ਪਹੁੰਚਦੀ ਨਜ਼ਰ ਨੂੰ ਸ਼ਾਇਰ ਨੇ ਕਿਸ ਜਾਵੀਏ ਤੋਂ ਵੇਖਿਆ ਏ? ਜਿਵੇਂ ਜ਼ਮੀਨ ਤੋਂ ਬਨੇਰੇ ਤੱਕ ਪੌੜੀ ਲੱਗੀ ਹੋਈ ਹੋਵੇ। ਇਕ ਹੋਰ ਨਿਹਾਇਤ ਹੀ ਖ਼ੂਬਸੂਰਤ ਸ਼ਿਅਰ ਮੁਲਾਹਜ਼ਾ ਹੋਵੇ:

ਇਸ ਤਸਕੀਨ ਲਈ ਕਿ ਉਸ ਦੇ ਰਾਹਾਂ ਵਿਚ ਵੀ ਰੁਲਦੈ ਕੋਈ,
ਇੱਕ ਪੱਥਰ ਨੇ ਆਪਣੇ ਘਰ ਦੇ ਰਾਹ ਵਿਚ ਹੋਰ ਖਿਲਾਰੇ ਪੱਥਰ।

ਕਿਆ ਬਾਤ ਏ! ਕਿਸੇ ਦਾ ਰੁਲਣਾ ਵੀ ਕਿਸੇ ਨੂੰ ਤਸਕੀਨ ਦੇ ਜਾਂਦੈ। ਸਹੀ ਗੱਲ ਏ। ਬਹੁਤੇ ਲੋਕੀਂ ਇਹੋ ਭੁਲੇਖਾ ਬਣਾਈ ਰੱਖਣਾ ਚਾਹੁੰਦੇ ਨੇ ਕਿ ਉਹ ਲੋਕਾਂ ਨੂੰ ਰੌਂਦ ਕੇ ਰੱਖ ਸਕਦੇ ਨੇ। ਹਉਮੈ ਦਾ ਇਹ ਰੂਪ ਵੀ ਬੜਾ ਲੁਭਾਉਣਾ ਏ।

ਆਪਣੀ ਗੱਲ ਸਮਝਾਉਣ ਜਾਂ ਉਸ ਦੀ ਪ੍ਰੋੜਤਾ ਕਰਾਉਣ ਵਾਸਤੇ ਕਿਸੇ ਚੀਜ਼ ਨੂੰ ਹੋਰ ਕਿਸੇ ਚੀਜ਼ ਨਾਲ ਤਸ਼ਬੀਹ (ਤੁੱਲਣਾਂ) ਦੇਣੀ, ਲੇਖਣ-ਕਲਾ ਦਾ ਇੱਕ ਹੋਰ ਸੁੰਦਰ ਪੱਖ ਏ। ਸੁੰਦਰ ਅਤੇ ਢੁੱਕਵੀਆਂ ਤਸ਼ਬੀਹਾਂ ਕਥਨ ਨੂੰ ਹੋਰ ਜ਼ੋਰਦਾਰ ਬਣਾ ਦਿੰਦੀਆਂ ਨੇ। ਜਿਵੇਂ ਕਿ:

ਯਾਰਾ! ਚਾਰ ਦਿਨਾਂ ਦਾ ਜੋਬਨ, ਇਸ ’ਤੇ ਭੁੱਲ ਕੇ ਮਾਣ ਕਰੀਂ ਨਾ,
ਸੂਰਜ ਵਾਂਗੂੰ ਚੜ੍ਹਦੈ ਬੇਸ਼ਕ, ਲਹਿ ਵੀ ਜਾਂਦੈ ਲਹਿੰਦੇ ਲਹਿੰਦੇ।

ਇੱਕ ਹੀ ਤਰ੍ਹਾਂ ਦੀਆਂ ਇੱਕ ਹੀ ਸੁਭਾਅ ਜਾਂ ਇੱਕ ਖਾਸੇ ਦੀਆਂ ਵਸਤਾਂ ਜਾਂ ਭਾਵਾਂ ਨੂੰ ਇਕੱਠਿਆਂ ਕਰਕੇ ਇੱਕ ਸ਼ਿਅਰ ਵਿੱਚ ਉਹਨਾਂ ਦੀ ਜਮਾਤੀ-ਖ਼ਾਸੀਅਤ ਦਾ ਮੁਜ਼ਾਹਰਾ ਕਰਨਾ ਵੀ ਇਕ ਖ਼ਾਸ ਕਲਾ ਏ। ਬਲਬੀਰ ਦੇ ਸ਼ਿਅਰ ਵਿੱਚ ਕੋਈ ਇੱਕ ਦੋ ਨਹੀਂ, ਬਲਕਿ ਸੱਤ ਚੀਜ਼ਾਂ ਨੂੰ ਇੱਕ ਹੀ ਸ਼੍ਰੇਣੀ ਵਿੱਚ ਰੱਖ ਕੇ ਸ਼ਿਅਰ ਵਿੱਚ ਕਿਆ ਖ਼ੂਬਸੂਰਤੀ ਪੈਦਾ ਕੀਤੀ ਏ।

ਹਉਕੇ, ਹਾਵੇ, ਦਰਦਾਂ, ਪੀੜਾਂ, ਫ਼ਿਕਰ, ਉਦਾਸੀ, ਰੋਣਾ,
ਇਸ਼ਕ ਦੀ ਹੱਟੀ ਬਿਨ ਐ ‘ਸੈਣੀ’ ਕਿੱਥੇ ਇਹ ਸੌਗਾਤਾਂ?

ਗ਼ਜ਼ਲ ਵਿੱਚ ਜਿੱਥੇ ਆਪਣੇ ਵਿਚਾਰ ਬਣਾ-ਸੁਆਰ ਕੇ ਪੇਸ਼ ਕਰਨਾ ਕਲਾ ਦਾ ਇਕ ਰੌਸ਼ਨ ਪੱਖ ਏ ਉੱਥੇ ਭਾਸ਼ਾ ਅਤੇ ਅੰਦਾਜ਼ ਵਿੱਚ ਸਾਦਗੀ ਵੀ ਇੱਕ ਮੀਰੀ-ਗੁਣ ਮੰਨਿਆ ਜਾਂਦਾ ਏ। ਬਲਬੀਰ ਇਸ ਪੱਖ ਤੋਂ ਵੀ ਮਾਅਰਕੇਦਾਰ ਸ਼ਾਇਰੀ ਕਰਦਾ ਏ। ਉਸ ਦੇ ਸ਼ਿਅਰਾਂ ਦੀ ਆਮ ਫ਼ਹਿਮ ਬੋਲੀ ਪਾਠਕ ਦੇ ਧੁਰ ਦਿਲ ਵਿਚ ਲਹਿ ਜਾਣ ਦੀ ਸਲਾਹੀਅਤ ਰੱਖਦੀ ਏ। ਵੰਨਗੀ ਵਜੋਂ:

ਤੇਰੀ ਦੁਨੀਆਂ ਅੰਦਰ ਰੱਬਾ, ਕੈਸੇ ਕੈਸੇ ਰਹਿੰਦੇ ਲੋਕ।
ਠੂੰਹੇ ਵਾਂਗੂੰ ਡੰਗ ਮਾਰਕੇ, ਆਪਣੇ ਬਣ ਬਣ ਬਹਿੰਦੇ ਲੋਕ।

ਅਤੇ ਫਿਰ:

ਏਸ ਵਿਚ ਵੀ ਖ਼ੂਬ ਆਇਆ ਹੈ ਮਜ਼ਾ,
ਬਾਜ਼ੀਆਂ-ਤੂੰ ਜਿੱਤੀਆਂ, ਮੈਂ ਹਾਰੀਆਂ।

ਬਲਬੀਰ ਦੀਆਂ ਗ਼ਜ਼ਲਾਂ ਵਿੱਚ ਜਿੱਥੇ ਮੋਹ-ਭਿੱਜੇ ਅਤੇ ਸ਼ਿੰਗਾਰ-ਰਸੀ ਅਣ-ਗਿਣਤ ਸ਼ਿਅਰ ਮਿਲ ਜਾਂਦੇ ਨੇ ਉੱਥੇ ਦਿਲ ਦੇ ਦਰਦ ਦੀ ਤਰਜ਼ਮਾਨੀ ਕਰਦੇ ਸ਼ਿਅਰਾਂ ਦੀ ਵੀ ਕੋਈ ਘਾਟ ਨਹੀਂ।

ਮੇਰੀ ਪੁਸਤਕ ਵਿੱਚੋਂ ਤੇਰੀ ਇਕ ਫੋਟੋ ਨੇ ਬਾਹਰ ਨਿਕਲ ਕੇ,
ਜ਼ਖ਼ਮ ਪੁਰਾਣੇ ਛਿੱਲ ਦਿੱਤੇ ਨੇ, ਸੁੱਤੇ ਦਰਦ ਜਗਾ ਦਿੱਤੇ ਨੇ।

ਗ਼ੈਰ ਵਾਂਗੂੰ ਬੈਠੀਦੈ, ਹਮਦਮ ਹਬੀਬਾਂ ਸਾਹਮਣੇ।
ਦੋਸਤੋ! ਕੋਈ ਜ਼ੋਰ ਨਹੀਂ ਚੱਲਦਾ ਨਸੀਬਾਂ ਸਾਹਮਣੇ।

ਗ਼ੈਰ ਦੀ ਮਹਿਫ਼ਲ ’ਚ ਬਹਿ ਕੇ ਹਾਲ ਪੁੱਛਣ ਵਾਲਿਆ,
ਹਾਲ ਕੀ ਤੈਨੂੰ ਸੁਣਾਵਾਂ, ਮੈਂ ਰਕੀਬਾਂ ਸਾਹਮਣੇ?

ਪਰ ਦਰਦਿ-ਇਸ਼ਕ ਦੇ ਨਾਲ ਨਾਲ ਉਸ ਨੇ ਦਰਦਿ-ਜ਼ਮਾਨਾ ਵੀ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਅਤੇ ਪ੍ਰਗਟਾਇਆ ਏ:

ਇਸ ਭੁੱਖ ਦੀ ਮਾਰੀ ਦੁਨੀਆਂ ਨੂੰ, ਮੈਂ ਜਦੋਂ ਵਿਲਕਦੇ ਤੱਕਦਾ ਹਾਂ,

ਤਾਂ ਦਰਦ ਸੁਭਾਵਕ ਆ ਜਾਂਦਾ ਹੈ, ਗ਼ਜ਼ਲਾਂ ਤੇ ਕਵਿਤਾਵਾਂ ਵਿੱਚ।

ਬੇਸ਼ਕ ਸ਼ਾਇਰ ਲੋਕ ਸਾਰੀ ਮਾਨਵਤਾ ਦੇ ਸਾਂਝੇ ਹੁੰਦੇ ਹਨ ਤੇ ਸਾਰੀ ਕਾਇਨਾਤ ਉਹਨਾਂ ਦਾ ਘਰ ਹੁੰਦਾ ਏ, ਫਿਰ ਵੀ ਆਪਣੇ ਘਰ, ਆਪਣੇ ਇਲਾਕੇ ਅਤੇ ਆਪਣੇ ਦੇਸ਼ ਦੀ ਖਿੱਚ ਇੱਕ ਅਲੌਕਿਕ ਖਿੱਚ ਹੁੰਦੀ ਏ। ਉਸ ਨਾਲ ਕੋਈ ਹੋਰ ਖਿੱਚ ਰੀਸ ਨਹੀਂ ਕਰ ਸਕਦੀ। ਬਲਬੀਰ ਨੂੰ ਵੀ ਆਪਣੇ ਦੇਸ ਨਾਲ ਅੰਤਾਂ ਦਾ ਮੋਹ ਏ। ਉਹ ਆਪਣੇ ਪੰਜਾਬ ਦੇ ਤੁੱਲ ਕਿਸੇ ਹੋਰ ਖਿੱਤੇ ਨੂੰ ਨਹੀਂ ਸਮਝਦਾ:

ਜੋ ਕਦੇ ਨਹੀਂ ਮੁਸ਼ਕਿਲਾਂ ਨੂੰ ਗੌਲਦਾ,
ਦੋਸਤੋ! ਪੰਜਾਬ ਹੈ ਆਖ਼ਿਰ ਪੰਜਾਬ।

ਪਿਛਲੇ ਕਾਲੇ-ਦੌਰ ਵਿਚ ਪੰਜਾਬ ਨੇ ਜੋ ਸੰਤਾਪ ਹੰਢਾਇਆ ਏ ਤੇ ਅਜੋਕੇ ਦੌਰ ਵਿੱਚ ਵੀ ਜੋ ਲੁੱਟਾਂ-ਖੋਹਾਂ ਦਾ ਸਿਲਸਿਲਾ ਜਾਰੀ ਏ, ਉਸ ਦੀ ਦਹਿਸ਼ਤ ਇੱਕ ਸ਼ਾਇਰ-ਮਨ ਨੂੰ ਵਲੂੰਧਰ ਹੀ ਤਾਂ ਜਾਂਦੀ ਏ:

ਹਨੇਰਾ ਹੋਣ ਤੋਂ ਪਹਿਲਾਂ ਦਰਾਂ ਨੂੰ ਭੇੜ ਲੈਂਦੇ ਹਾਂ,
ਇਹ ਕੈਸਾ ਖ਼ੌਫ਼ ਛਾਇਆ ਹੈ, ਘਰਾਂ ਅੰਦਰ, ਦਰਾਂ ਅੰਦਰ?

ਬਲਬੀਰ ਨੂੰ ਸਮਾਜ ਦੇ ਗ਼ਲਤ ਰੀਤੀ-ਰਿਵਾਜਾਂ, ਗ਼ਲਤ ਕਦਰਾਂ-ਕੀਮਤਾਂ ਅਤੇ ਗ਼ਲਤ ਮਾਨਤਾਵਾਂ 'ਤੇ ਸਖ਼ਤ ਗਿਲਾ ਏ। ਇਸ ਦਾ ਇਜ਼ਹਾਰ ਕਰਦੇ ਹੋਏ ਉਸ ਦੇ ਸ਼ਿਅਰ ਆਮ ਹੀ ਮਿਲ ਜਾਂਦੇ ਹਨ:

ਹਰ ਮੁਸ਼ਕਿਲ ਦੇ ਹਲ ਲਈ 'ਸੈਣੀ' ਇਸ ਵਿਗਿਆਨਕ ਯੁੱਗ 'ਚ ਵੀ,
ਸਾਂਭੀ ਫਿਰਦੇ ਲੋਕੀਂ, ਸਾਧਾਂ-ਸੰਤਾਂ ਦੇ ਸਿਰਨਾਵੇਂ।

ਬਲਬੀਰ ਦੇ ਕੰਨ ਵੀ ਸਾਡੇ ਵਾਂਗ ਹੀ ਸਰਕਾਰੀ ਪ੍ਰਚਾਰ ਦੇ ਰੌਲੇ ਸੁਣ-ਸੁਣ ਪੱਕ ਚੁੱਕੇ ਜਾਪਦੇ ਨੇ। ਉਹ ਵੀ ਮਹਿਸੂਸ ਕਰਦਾ ਏ ਕਿ ਜੇ ਸਾਡੇ ਦੇਸ਼ ਵਿਚਲਾ ਉਤਪਾਦਨ ਸਰਕਾਰੀ ਦਾਅਵਿਆਂ ਅਨੁਸਾਰ ਵੱਧ ਰਿਹਾ ਏ ਤਾਂ ਉਹ ਜਾਂਦਾ ਕਿੱਥੇ ਐ?

ਅੰਕੜਿਆਂ ਵਿਚ ਰੋਜ਼ ਵਧੇ ਉਤਪਾਦਨ ਪਰ,
ਲੋਕਾਂ ਅੰਦਰ ਵਧ ਰਹੀ ਭੁੱਖ ਨਿਰੰਤਰ ਹੈ।

ਤੇ ਫਿਰ ਲੋਕ ਤੰਤਰ ਦੀ ਅਸਲੀਅਤ ਜ਼ਾਹਿਰ ਕਰਦਾ ਹੋਇਆ ਲਿਖਦਾ ਏ:

ਹਰ ਕਾਨੂੰਨ ਹੀ ਘੁੱਟਦਾ ਹੈ ਪਰਜਾ ਦਾ ਗਲ,
ਆਖਣ ਨੂੰ ਹੀ 'ਸੈਣੀ' ਪਰਜਾ-ਤੰਤਰ ਹੈ।

ਲੋਕ-ਤੰਤਰ ਦੇ ਨਾਮ ਥੱਲੇ ਜੋ ਬਰਾਬਰੀ ਦਾ ਨਾਅਰਾ ਮਾਰਿਆ ਜਾ ਰਿਹਾ ਏ, ਜੇ ਉਹ ਸੱਚੇ ਦਿਲੋਂ ਹੋਵੇ, ਫਿਰ ਤਾਂ ਜਾਇਜ਼ ਏ, ਪਰ ਇੱਕ ਤਾਂ ਇਹ ਫੋਕੀ ਬਿਆਨਬਾਜ਼ੀ ਤੱਕ ਹੀ ਸੀਮਤ ਏ, ਦੂਜਾ-ਜੇ ਕਿਸੇ ਵਿੱਚ ਬਰਾਬਰੀ ਆ ਵੀ ਜਾਂਦੀ ਏ ਤਾਂ ਬਰਾਬਰ 'ਤੇ ਆਉਣ ਵਾਲਾ ਸ਼ਖ਼ਸ਼ ਜਾਂ ਵਰਗ ਆਮ ਤੌਰ ਤੇ ਬਦਲਾ ਲਊ ਭਾਵਨਾ ਅਧੀਨ ਜ਼ਾਲਿਮ ਬਣਿਆ ਹੋਇਆ ਨਜ਼ਰ ਆਉਂਦਾ ਏ। ਇਹ ਬਰਾਬਰਤਾ

ਨਹੀਂ ਸਗੋਂ ਬਰਬਰਤਾ ਹੋ ਨਿੱਬੜਦੀ ਏ। ਇਸ ਵਿਸ਼ੇ ਨੂੰ ਬਲਬੀਰ ਨੇ ਬੜੀ ਖ਼ੂਬਸੂਰਤੀ ਨਾਲ ਨਿਭਾਇਆ ਏ:

ਹੁਕਮ ਬਜਾਉਣਾ,ਦਿਲ ਪਰਚਾਉਣਾ,ਤਨ-ਮਨ ਵੇਚ,ਕਮਾ ਕੇ ਲਿਆਉਣਾ,
'ਸੈਣੀ' ਔਰਤ ਦੇ ਯੁੱਗ ਅੰਦਰ, ਅੱਜ ਦਾ ਮਰਦ 'ਰਖੇਲ' ਹੋ ਗਿਆ।

ਉਹ ਸ਼ਾਇਰ ਸ਼ਾਇਰ ਹੀ ਨਹੀਂ, ਜੋ ਆਪਣੇ ਆਸੇ ਪਾਸੇ ਤੋਂ ਅਣਭਿੱਜ ਰਹਿ ਕੇ ਖ਼ਿਆਲੀ ਘੋੜੇ ਹੀ ਭਜਾਈ ਫਿਰੇ। ਬਲਬੀਰ ਹੱਡ-ਬੀਤੀਆਂ ਤੇ ਜੱਗ-ਬੀਤੀਆਂ ਦੇ ਅੰਗ ਸੰਗ ਹੋ ਕੇ ਵਿਚਰਦਾ ਏ ਤੇ ਆਪਣੇ ਵਤਨ ਦੇ ਨਿੱਘਰ ਰਹੇ ਨਿਜ਼ਾਮ 'ਤੇ ਸਦਾ ਕਰਾਰੀ ਚੋਟ ਲਾਉਂਦਾ ਏ। ਅੱਜ ਕੱਲ੍ਹ ਜਿੱਥੇ ਇੱਕ ਚਪੜਾਸੀ ਦੀ ਨੌਕਰੀ ਲੈਣ ਵਾਸਤੇ ਵੀ ਲੱਖਾਂ ਦੇ ਹਿਸਾਬ ਨਾਲ ਰਿਸ਼ਵਤ ਦੇਣੀ ਰੀਤ ਹੀ ਬਣ ਗਈ ਏ, ਉੱਥੇ ਇਕ ਹਸਾਸ ਸ਼ਾਇਰ ਕਿਵੇਂ ਨਾ ਕੂਕ ਉੱਠੇਗਾ।

ਹਰ ਜਗਾਹ 'ਤੇ ਭਾਰੂ ਹੋਈਆਂ ਰਿਸ਼ਵਤਾਂ,
ਮੁੱਲ ਮਹਿੰਗੇ ਹੋ ਗਏ ਰੁਜ਼ਗਾਰ ਦੇ।

ਤੇ ਫਿਰ:

ਬਿਨ ਪੜ੍ਹਿਆਂ ਇਕ ਅਵੱਲ ਆਇਆ, ਦੂਜਾ ਪੜ੍ਹ ਪੜ੍ਹ ਫੇਲ ਹੋ ਗਿਆ।
ਭਰਿਸ਼ਟਾਚਾਰ ਦਾ ਗਿੱਠ ਕੁ ਟੋਟਾ, ਵਧ ਕੇ ਅੰਬਰ ਵੇਲ ਹੋ ਗਿਆ।

ਪਰ ਇਸ ਲੁੱਟ-ਖਸੁੱਟ ਦੇ ਜ਼ਮਾਨੇ ਵਿੱਚ ਵੀ ਸ਼ਾਇਰ ਸਬਰ-ਸਬੂਰੀ 'ਤੇ ਟੇਕ ਰੱਖਦਾ ਏ, ਕਿਉਂ ਕਿ ਉਹ ਜਾਣਦਾ ਏ ਕਿ ਮਾਇਆ ਰੂਪੀ ਕਾਂ ਕਿਸੇ ਇੱਕ ਥਾਂ 'ਤੇ ਟਿਕ ਕੇ ਨਹੀਂ ਬੈਠਦਾ, ਇਹ ਤਾਂ ਕਦੀ ਏਸ ਬਨੇਰੇ 'ਤੇ ਅਤੇ ਕਦੀ ਉਸ ਬਨੇਰੇ 'ਤੇ ਬੈਠਾ ਨਜ਼ਰ ਆਉਂਦਾ ਏ:

ਜਿਹਨਾਂ ਦੇ ਪੈਰਾਂ ਵਿਚ ਰੁਲਦੇ, ਹੀਰੇ, ਮੋਤੀ, ਦੌਲਤ, ਇੱਜ਼ਤ,
ਵਕਤ ਪੈਣ 'ਤੇ ਉਹ ਬੰਦੇ ਵੀ ਪੈਰਾਂ ਦੇ ਵਿਚ ਰੁਲ ਜਾਂਦੇ ਨੇ।

ਕਿਸੇ ਲਿਖਾਰੀ ਦੀ ਲਿਖਤ ਉਤਨਾ ਚਿਰ ਲੋਕਾਂ ਦੇ ਹਾਣ ਦੀ ਅਤੇ ਲੋਕਾਂ ਦੇ ਮਨਾਂ ਦੀ ਸੇਜ ਦੀ ਹੱਕਦਾਰ ਨਹੀਂ ਬਣਦੀ ਜਿੰਨਾਂ ਚਿਰ ਉਸ ਵਿਚ ਸ਼ਾਇਰ ਦੇ ਨਿੱਜੀ ਤਜੁਰਬੇ ਦੇ ਡੂੰਘੇ ਸਾਗਰ ਵਿੱਚੋਂ ਕੱਢ ਕੇ ਲਿਆਂਦੇ ਸੁੱਚੇ ਮੋਤੀ ਸ਼ਾਮਿਲ ਨਾ ਹੋਣ। ਜਦੋਂ ਲੇਖਕ ਆਪਣੇ ਪਾਠਕਾਂ ਸਾਹਮਣੇ ਆਪਣੇ ਅਨੁਭਵ ਵਿੱਚ ਆਈਆਂ ਅਟੱਲ ਸਚਾਈਆਂ ਰੱਖਦਾ ਏ ਤਾਂ ਪਾਠਕ ਅਸ਼-ਅਸ਼ ਕਰ ਉੱਠਦਾ ਏ। ਬਲਬੀਰ ਦਾ ਕਲਾਮ ਵੀ ਆਪਣੇ ਵਿੱਚ ਐਸੇ ਨਾਯਾਬ ਮੋਤੀ ਲੁਕਾਈ ਬੈਠਾ ਹੈ। ਉਸਦੇ ਅਨੇਕ ਸ਼ਾਇਰ ਲੋਕ ਮੁਹਾਵਰਾ ਬਣ ਜਾਣ ਦੀ ਸਮੱਰਥਾ ਰੱਖਦੇ ਨੇ। ਕੁਝ ਕੁ ਮੁਲਾਹਿਜ਼ਾ ਫ਼ੁਰਮਾਈਏ:

ਕਦ ਨਿਭਿਆ ਹੈ ਜੋਬਨ, ਇਸ 'ਤੇ ਮਾਣ ਵੀ ਕੀ?
ਸਿਰਫ਼ ਬੁਢਾਪਾ ਹੀ ਮੜ੍ਹੀਆਂ ਤਕ ਨਾਲ ਗਿਆ।

ਵਿਗੜੀ ਗੱਲ ਕਿਸੇ ਨੂੰ ਦੱਸਣ ਤੋਂ ਪਹਿਲਾਂ,

'ਕੱਠੇ ਬੈਠ ਨਿਬੇੜਨ ਵਿਚ ਦਾਨਾਈ ਹੈ।

ਕਦੀ ਤਾਂ ਮੁਹੱਬਤ 'ਚੋਂ ਮਿਲਦਾ ਏ ਜੀਵਨ,
ਕਦੀ ਮੌਤ ਬਖ਼ਸ਼ੇ ਮੁਹੱਬਤ ਕਿਸੇ ਦੀ।

ਪੈਸੇ ਦੀ ਤੱਕੜੀ ਵਿਚ ਤੁੱਲ ਕੇ, ਇਸ ਦੁਨੀਆਂ ਦੇ ਬੰਦੇ ਅਕਸਰ,
'ਅਪਣਾ ਅਪਣਾ' ਕਹਿੰਦੇ ਕਹਿੰਦੇ, ਹੋਰ ਕਿਸੇ ਦੇ ਹੋ ਜਾਂਦੇ ਨੇ।

ਯਾਰਾ! ਚਾਰ ਦਿਨਾਂ ਦਾ ਜੋਬਨ, ਇਸ 'ਤੇ ਭੁੱਲ ਕੇ ਮਾਣ ਕਰੀਂ ਨਾ,
ਸੂਰਜ ਵਾਂਗੂੰ ਚੜ੍ਹਦੈ ਬੇਸ਼ਕ, ਲਹਿ ਵੀ ਜਾਂਦੈ ਲਹਿੰਦੇ ਲਹਿੰਦੇ।

ਮੈਂ ਬਹੁਤ ਕੁਝ ਕਹਿ ਗਿਆ। ਜਦ ਕਿ ਮੈਂ ਖ਼ੁਦ ਇਸ ਖ਼ਿਆਲ ਦਾ ਧਾਰਨੀ ਹਾਂ ਕਿ ਜੋ ਕੁਝ ਕਹਿਣਾ ਏ, ਲੇਖਕ ਦੀ ਲੇਖਣੀ ਕਹੇ। ਸਾਹਿਤ ਵਿੱਚ ਵਿਚੋਲੇ ਦੇ ਰੋਲ ਨੂੰ ਮੈਂ ਬੁਰੀ ਤਰ੍ਹਾਂ ਨਿਕਾਰਦਾ ਹਾਂ। ਪਰ ਕੀ ਕਰਾਂ? ਬਲਬੀਰ ਦੇ ਸ਼ਿਅਰ ਹੀ ਐਸੇ ਨੇ ਕਿ ਇਹਨਾਂ ਦੀਆਂ ਗੱਲਾਂ ਕਰਨ ਲੱਗ ਜਾਉ ਤਾਂ ਫਿਰ ਬਰੇਕ ਲੱਗਦੀ ਹੀ ਨਹੀਂ। ਖ਼ੈਰ ਮੈਂ ਆਪਣੇ ਪਰਮ-ਮਿੱਤਰ ਬਲਬੀਰ ਸਿੰਘ 'ਸੈਣੀ' ਨੂੰ ਉਸ ਦੇ ਦੂਜੇ ਗ਼ਜ਼ਲ ਸੰਗ੍ਰਹਿ ਸਿੱਪ ਦੇ ਮੋਤੀ ਦੇ ਸ਼ੁਭ ਆਗਮਣ 'ਤੇ ਦਿਲੋਂ ਮੁਬਾਰਕ ਦਿੰਦਾ ਹੋਇਆ, ਗ਼ਲਤੀਆਂ ਗ਼ੁਸਤਾਖ਼ੀਆਂ ਵਾਸਤੇ ਮੁਆਫ਼ੀ ਚਾਹੁੰਦਾ ਹਾਂ।

ਅਮਰਜੀਤ ਸਿੰਘ ਸੰਧੂ
421-ਦਕੋਹਾ, ਜਲੰਧਰ
ਫੋਨ: 9463613528

## ਸਿੱਪ ਦੇ ਮੋਤੀ ਜਾਂ ਮੋਤੀਆਂ ਦੇ ਸਿੱਪ

ਸ਼ਾਇਰੀ ਦੀ ਸੋਝੀ ਤੋਂ ਸੱਖਣੇ ਲੋਕਾਂ ਲਈ ਤਾਂ ਵਕਤ ਜ਼ਖ਼ਮਾਂ ਦਾ ਤਬੀਬ ਹੋ ਸਕਦੈ ਪਰ ਸ਼ਾਇਰ ਕਦੇ ਵੀ ਜ਼ਿੰਦਗੀ ਦੇ ਜ਼ਖ਼ਮਾਂ ਨੂੰ ਭਰਨ ਲਈ ਸਮੇਂ ਦੇ ਹਵਾਲੇ ਨਹੀਂ ਕਰਦੇ, ਸਗੋਂ ਇਨ੍ਹਾਂ 'ਚੋਂ ਉੱਠਦੀਆਂ ਚੀਸਾਂ ਦੀ ਤਾਬ ਨੂੰ ਗੀਤ ਗ਼ਜ਼ਲਾਂ ਬਣਾ ਬਣਾ ਕੇ ਆਪਣੀ ਪੀੜ ਦਾ ਤਮਾਸ਼ਾ ਖ਼ੁਦ ਵੀ ਦੇਖਦੇ ਹਨ ਤੇ ਆਪਣੇ ਦੁਆਲੇ ਅਜਿਹੀ ਮਹਿਫ਼ਿਲ ਵੀ ਅਚਨਚੇਤ ਹੀ ਜੋੜ ਲੈਂਦੇ ਹਨ, ਜਿਹੜੀ ਸ਼ਾਇਰ ਦੇ ਜਜ਼ਬਾਤ 'ਚ ਜਿੰਨੀ ਤੜਪ ਦੇਖਦੀ ਹੈ, ਓਨੀ ਹੀ ਵੱਧ ਦਾਦ ਦੇ ਜਾਂਦੀ ਹੈ। ਸ਼ਾਇਰੀ ਦੀ ਇਸ ਮਹਿਫ਼ਿਲ ਵਿਚ ਕਿਧਰੇ ਮਹਿਬੂਬ ਦਾ ਹੁਸਨ ਲਟ ਲਟ ਬਲ ਰਿਹਾ ਹੁੰਦੈ ਤੇ ਕਿਧਰੇ ਕੋਈ ਪੰਤਗਾ ਇਸ ਸ਼ਮ੍ਹਾ ਤੇ ਆਪਣੀ ਹੋਂਦ ਦੀ ਮੌਜੂਦਗੀ ਤੋਂ ਵੀ ਅਵਾਜ਼ਾਰ ਹੋ ਬੈਠਦੇ। ਸ਼ਾਇਰੀ ਦੀ ਇਸ ਮਹਿਫ਼ਿਲ ਵਿਚ ਕਿਤੇ ਸ਼ਾਇਰ ਮੁੱਦਤ ਪਹਿਲੋਂ ਵਿੱਛੜੇ ਸੱਜਣ ਦੀ ਪੈੜਾਂ ਦੀ ਹਿਫ਼ਾਜ਼ਤ ਬਹੁਤਾ ਚਿਰ ਨਹੀਂ ਕਰ ਸਕਦੇ ਹੁੰਦੇ...ਕਿਤੇ ਲਫ਼ਜ਼ਾਂ ਦੀ ਇਸੇ ਮਹਿਫ਼ਿਲ ਵਿਚ ਸੁਪਨਿਆਂ ਦੀ ਟੁੱਟ-ਭੱਜ ਦੀ ਤ੍ਰਾਸਦੀ ਹੰਢਾ ਚੁੱਕਾ ਆਧੁਨਿਕ ਜ਼ਿੰਦਗੀ ਦੀਆਂ ਬੇਸ਼ੁਮਾਰ ਦੁਸ਼ਵਾਰੀਆਂ ਤੋਂ ਢੇਰੀ ਢਾਹ ਬੈਠਾ ਸ਼ਾਇਰ ਉਲਝੀ ਤਾਣੀ ਦੀ ਕੋਈ ਸਿਰੇ ਦੀ ਤੰਦ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹੁੰਦੈ।

ਉਮੀਦ ਤੇ ਬੇ-ਉਮੀਦੀ, ਖ਼ਾਬ ਤੇ ਹਕੀਕਤ, ਉਚਾਈ ਤੇ ਗਹਿਰਾਈ, ਟੁੱਟਣ ਤੇ ਬਣਨ ਦੀਆਂ ਕ੍ਰਿਆਵਾਂ ਭਾਵੇਂ ਵਰਕੇ ਦੇ ਦੋ ਪਾਸਿਆਂ ਵਾਂਗ ਹਨ ਜਿਹੜੀਆਂ ਕਦੇ ਮਿਲ ਵੀ ਨਹੀਂ ਮਿਲ ਸਕਦੀਆਂ ਅਤੇ ਇਕ ਦੂਜੇ ਤੋਂ ਅੱਡ ਵੀ ਨਹੀਂ ਹੋ ਸਕਦੀਆਂ। ਇੱਕ ਸ਼ਾਇਰ ਜਿੰਨੀ ਖ਼ੂਬਸੂਰਤੀ ਨਾਲ ਆਪਣੀ ਸ਼ਾਇਰੀ ਵਿਚ ਇਨ੍ਹਾਂ ਸਥਿਤੀਆਂ ਨੂੰ ਭਰ ਸਕਦੈ, ਉਹ ਉਤਨਾ ਹੀ ਵਧੀਆ ਸ਼ਾਇਰ ਕਰਾਰ ਦੇ ਦਿੱਤਾ ਜਾਂਦੈ। ਇਨ੍ਹਾਂ ਸਾਰਿਆਂ ਪੱਖਾਂ ਦੇ ਸੰਦਰਭ 'ਚ ਬਲਬੀਰ ਸੈਣੀ ਦਾ ਗ਼ਜ਼ਲ ਸੰਗ੍ਰਹਿ ਸਿੱਪ ਦੇ ਮੋਤੀ ਸੱਚ ਮੁੱਚ ਇੱਕ ਅਜਿਹੀ ਉੱਚੀ ਅਟਾਰੀ ਵਰਗਾ ਜਾਪਦੈ, ਜਿਸ 'ਤੇ ਖੜੋ ਕੇ ਜਿੱਥੇ ਤੁਸੀਂ ਇਨਸਾਨੀ ਹੋਂਦ ਦੇ ਬਾਹਰਲੇ ਵਰਤਾਅ ਤੇ ਅਸਲੀਅਤ ਤੋਂ ਜਾਣੂ ਹੁੰਦੇ ਹੋ, ਉੱਥੇ ਉਸਦੇ ਅੰਦਰਲੇ ਸੱਚ ਵੀ ਇਕ ਫਿਲਮ ਵਾਂਗ ਜ਼ਿਹਨ ਦੇ ਪਰਦੇ 'ਤੇ ਘੁੰਮ ਜਾਂਦੇ ਹਨ।

ਸ਼ਾਇਰੀ ਵਿਚ ਇਸ਼ਕ ਦੀਆਂ ਪ੍ਰੰਪਰਾਗਤ ਸੀਮਾਵਾਂ ਤੋਂ ਲੈ ਕੇ ਆਧੁਨਿਕ ਮੁਹੱਬਤ ਦੇ ਸੱਚ ਦੇ ਖਿਤਿਜ ਤੱਕ ਦਾ ਸਫ਼ਰ ਬਲਬੀਰ ਸੈਣੀ ਦੀ ਗ਼ਜ਼ਲ ਦੀ ਸ਼ਾਹ-ਰਗ ਆਖੀ ਜਾ ਸਕਦੀ ਹੈ। ਅੱਜ ਦੇ ਮਨੁੱਖ ਅੰਦਰਲੀ ਟੁੱਟ-ਭੱਜ ਦਾ ਕਾਰਨ ਚਾਹੇ

ਆਰਥਿਕ ਹੋਵੇ, ਸਮਾਜਿਕ ਹੋਵੇ ਤੇ ਚਾਹੇ ਕੋਈ ਹੋਰ, ਪਰ ਅੱਜ ਦੇ ਮਨੁੱਖ ਦਾ ਅੰਦਰਲਾ ਸੱਚ 'ਖੰਡਰ' ਵਰਗਾ ਹੈ:-

ਪਿਆਰ ਸੀ, ਜਜ਼ਬਾਤ ਸਨ ਤੇ ਹੌਸਲਾ ਸੀ ਬੇਸ਼ੁਮਾਰ,
ਦਿਲ ਮੇਰਾ ਹੁਣ ਵਾਂਗਰਾਂ ਖੰਡਰਾਤ ਜਾਂ ਮਲਬਾ ਨਾ ਸੀ।

ਇਹ ਕਿਸੇ ਇਕ ਵਿਅਕਤੀ ਵਿਸ਼ੇਸ਼ ਦੀ ਤ੍ਰਾਸਦੀ ਨਹੀਂ ਸਗੋਂ ਹਰ ਮਨੁੱਖ ਦੀ ਹੋਣੀ ਹੈ। ਪਦਾਰਥਾਂ ਦੀ ਦੌੜ ਵਿਚ ਭਾਵੇਂ ਅੱਜ ਦਾ ਮਨੁੱਖ ਪਲਕ ਝਪਕਣ ਜਿੰਨੇ ਸਮੇਂ ਵਿਚ ਨਵੀਆਂ ਕਾਢਾਂ ਤੇ ਐਸ਼ੋ ਇਸ਼ਰਤ ਦੇ ਸਾਮਾਨ ਨੂੰ ਜ਼ਰਬ ਦਿੰਦਾ ਜਾ ਰਿਹੈ ਪਰ ਇਸ ਭੀੜ 'ਚ ਮਨੁੱਖ ਦਾ ਅੰਦਰ ਜ਼ਿੰਦਗੀ ਤੋਂ ਏਨਾ ਬੇਉਮੀਦਾ ਹੋ ਚੁੱਕੈ ਕਿ ਉਹ ਆਪਣੇ ਸੱਜਣ ਦੇ ਸਦਾ ਅੱਖਾਂ ਅੱਗੇ ਰਹਿਣ ਲਈ ਜ਼ਿੰਦਗੀ ਤੇ ਕਿਸਮਤ 'ਚੋਂ ਕਿਸੇ 'ਤੇ ਵੀ ਇਤਬਾਰ ਨਹੀਂ ਕਰ ਪਾਉਂਦਾ। ਇਸ ਬੇਵਿਸਾਹੀ ਜ਼ਿੰਦਗੀ ਨਾਲੋਂ ਆਪਣੇ ਸੱਜਣ ਦੀਆਂ ਬਾਹਾਂ 'ਚ ਮਰਨ ਦੀ ਖ਼ਾਹਿਸ਼ ਵੀ ਅੱਜ ਹਰ ਮਨੁੱਖ ਦੇ ਅੰਦਰ ਪਹਿਲੀ ਥਾਂ 'ਤੇ ਹੈ:-

ਨੀਂਦਰ ਵਰਗੇ ਮਿੱਠੇ ਯਾਰਾ! ਦਿਲ ਕਰਦੈ,
ਮੁੜ ਨਾ ਜਾਗਾਂ ਸੌਂ ਕੇ ਤੇਰੀਆਂ ਬਾਹਾਂ ਵਿੱਚ।

ਇਸੇ ਤਰ੍ਹਾਂ ਮਹਿਬੂਬ ਨਾਲ ਮੇਲ ਅੱਜ ਦੇ ਮਨੁੱਖ ਲਈ ਕਿਸੇ ਚਮਤਕਾਰ ਤੋਂ ਘੱਟ ਨਹੀਂ:

ਨਿੱਤ ਸੋਚਦਾਂ, ਅੱਜ ਮਹਿਰਮ ਨੂੰ ਅਹਿ ਆਖਾਂਗਾ, ਅਹੁ ਆਖਾਂਗਾ,
ਐਪਰ ਜਦ ਵੀ ਮਿਲਦਾਂ ਅੱਖਰ ਰਟੇ ਰਟਾਏ ਭੁੱਲ ਜਾਂਦੇ ਨੇ।

ਆਰਥਿਕ, ਸਮਾਜਿਕ, ਪਰਿਵਾਰਕ ਤੇ ਹੋਰ ਕਾਰਨਾਂ ਤੋਂ ਜਿੱਥੇ ਆਧੁਨਿਕ ਮਨੁੱਖ ਦੀ ਜ਼ਿੰਦਗੀ ਦੇ ਵਹੀ-ਖਾਤੇ ਦੀਆਂ ਜਮ੍ਹਾਂ-ਬੰਦੀਆਂ ਦੇ ਹਿਸਾਬ-ਕਿਤਾਬ ਗ਼ਰੀਬ ਦੀ ਗ਼ਰੀਬੀ ਵਾਂਗ ਵਧਦੇ ਜਾ ਰਹੇ ਨੇ, ਉੱਥੇ ਅੱਜ ਦੇ ਮਨੁੱਖ ਦੇ ਆਪਣੇ ਅੰਤਰੀਵ ਨੂੰ ਉਤਨਾ ਹੀ ਸਮੇਟ ਕੇ ਇੰਨਾ ਸੂਖਮ ਬਣਾ ਲੈਣ ਦੀ ਚਾਹਤ ਹੈ ਕਿ ਇਕੱਲ ਤੋਂ ਬਿਨਾ ਹੋਰ ਕੋਈ ਵੀ ਉਸ ਨੂੰ ਨਾ ਦੇਖ ਸਕੇ। ਇਹ ਹਰ ਇਕ ਦੇ ਅੰਦਰ ਦਾ ਸੱਚ ਹੈ। ਮਹਿਫ਼ਿਲਾਂ ਮਾਨਣ ਦੀ ਖ਼ਾਹਿਸ਼ ਤੋਂ ਬੇਮੁੱਖ ਹੋ ਕੇ ਟਾਪੂਆਂ ਦੇ ਤਸੱਵਰ ਤੱਕ ਦਾ ਸਫ਼ਰ ਅੱਜ ਦੇ ਮਨੁੱਖ ਦੀ ਤਰੱਕੀ ਕਹੀ ਜਾਵੇ ਜਾਂ ਗੁੰਮ-ਸ਼ੁਦਗੀ? ਇਸ ਨੁਕਤੇ ਨੂੰ ਬਲਬੀਰ ਸੈਣੀ ਦੀ ਗ਼ਜ਼ਲ ਹਾਣ ਦੀ ਹੋ ਕੇ ਟੱਕਰਦੀ ਹੈ:-

ਬੱਦਲ ਵੀ ਹੈ, ਮੌਸਮ ਵੀ ਹੈ ਫਿਰ ਵੀ ਯਾਰ,
ਪੈਲ ਨਾ ਪਾਈ ਖ਼ਬਰੇ ਕਿਉਂ ਮਨ-ਮੋਰ ਨੇ।

ਮੈਨੂੰ ਡਰ ਸੀ ਤੇਰੇ ਪਿੱਛੋਂ, 'ਕੱਲਾ ਰਹਿ ਜਾਵਾਂਗਾ ਪਰ,
ਹੰਝੂ, ਹਉਕੇ, ਚੀਸਾਂ, ਪੀੜਾਂ ਕਿੰਨਾ ਕੁਝ ਹੈ ਮੇਰੇ ਨਾਲ।

ਇਸੇ ਤ੍ਰਾਸਦੀ ਦੇ ਸ਼ਿੱਦਤੀ ਅਹਿਸਾਸ ਨੇ ਉਸਦੇ ਹਰ ਵਿਸ਼ੇ, ਜਿਵੇਂ ਜ਼ਿੰਦਗੀ, ਮੁਹੱਬਤ, ਦੁਨੀਆਦਾਰੀ ਤੇ ਆਪਸੀ ਰਿਸ਼ਤਿਆਂ ਦੀ ਉਧੇੜ-ਬੁਣ ਆਦਿ ਦੇ ਬਿਆਨ

ਨੂੰ ਇਕ ਅਜਿਹਾ ਨਵਾਂ ਰੰਗ ਦੇ ਕੇ ਪੇਸ਼ ਕੀਤੈ, ਜੋ ਸਾਨੂੰ ਅੱਜ ਵਿਰਲੇ ਸ਼ਾਇਰਾਂ ਦੀ ਸ਼ਾਇਰੀ ਵਿਚ ਹੀ ਦੇਖਣ ਨੂੰ ਮਿਲਦੈ:

ਕਦੇ ਖਿਝ ਕੇ ਗੁਜ਼ਰ ਜਾਣਾ, ਕਦੇ ਕੁੜ੍ਹ ਕੇ ਗੁਜ਼ਰ ਜਾਣਾ।
ਮੇਰੇ ਮਹਿਬੂਬ! ਏਦਾਂ ਤਾਂ ਨਹੀਂ ਮੇਰਾ ਅਸਰ ਜਾਣਾ।

ਜਾਂ

ਗ਼ੈਰ ਦੀ ਮਹਿਫ਼ਿਲ 'ਚ ਬਹਿ ਕੇ-ਹਾਲ ਪੁੱਛਣ ਵਾਲਿਆ,
ਹਾਲ ਕੀ ਤੈਨੂੰ ਸੁਣਾਵਾਂ, ਮੈਂ ਰਕੀਬਾਂ ਸਾਹਮਣੇ?

ਜ਼ਿੰਦਗੀ ਦੀ ਮਾਰ ਨੇ ਅੱਜ ਦੇ ਮਨੁੱਖ ਦੇ ਨਿੱਜ ਨੂੰ ਹੀ ਨਿਸ਼ਾਨਾ ਨਹੀਂ ਬਣਾਇਆ ਸਗੋਂ ਖ਼ੁਦਗਰਜ਼ੀਆਂ ਦੇ ਮੌਸਮ ਨੇ ਰਿਸ਼ਤਿਆਂ ਦੇ ਛਾਂ-ਦਾਰ ਰੁੱਖ ਨੂੰ ਵੀ ਏਨਾ ਛਾਂਗ ਸੁੱਟਿਐ ਕਿ ਹੁਣ ਇਹ ਰੁੱਖ ਜ਼ਿੰਦਗੀ ਦੇ ਸਫ਼ਰ 'ਚ ਥੱਕੇ ਮਨੁੱਖ ਲਈ ਸਕੂਨ-ਭਰੀ ਠਾਹਰ ਨਹੀਂ ਰਹਿ ਗਏ, ਸਗੋਂ ਸੁਆਰਥਾਂ ਵਿਚ ਗੜੁੱਚ ਰਿਸ਼ਤੇਦਾਰੀਆਂ, ਇਸ ਵਿਚਲੀਆਂ ਝੀਥਾਂ ਰਾਹੀਂ ਜਿਸਮ ਤੋਂ ਰੂਹ ਤੱਕ ਨੂੰ ਜ਼ਖ਼ਮੀ ਕਰਨ ਦਾ ਮੌਕਾ ਹਰਗਿਜ਼ ਨਹੀਂ ਖੁੰਝਣ ਦਿੰਦੀਆਂ। ਬਲਬੀਰ ਸਿੰਘ ਸੈਣੀ ਇਨ੍ਹਾਂ ਮੁਖੌਟਾਧਾਰੀ ਸੰਬੰਧਾਂ ਨੂੰ ਲੈ ਕੇ ਕਾਫ਼ੀ ਚਿੰਤਤ ਵਿਖਾਈ ਦਿੰਦਾ ਹੈ:-

ਖ਼ਬਰੇ ਕਿੱਥੇ ਤੁਰ ਗਏ ਉਹ ਦਿਨ, ਕਿੱਥੇ ਗਈਆਂ ਉਹ ਗੱਲਾਂ,
'ਕੱਠੇ ਬੈਠ ਕੇ ਕਹਿੰਦੇ ਸਾਂ ਜਦ 'ਬੰਦਾ ਬੜੈ ਭਰਾਵਾਂ ਨਾਲ।'

ਜਾਂ

ਅਜ ਕਲ੍ਹ ਦੇ ਯਾਰਾਂ ਦੀ ਯਾਰੀ, ਮੇਰੀ ਤੌਬਾ, ਬਖ਼ਸ਼ੇ ਮੌਲਾ
ਅਜ ਕਲ੍ਹ ਯਾਰ, ਯਾਰ ਦੇ ਰਾਹ ਵਿਚ ਅਕਸਰ ਕੰਡੇ ਬੋ ਜਾਂਦੇ ਨੇ।

ਬਲਬੀਰ ਸੈਣੀ ਦੀ ਗ਼ਜ਼ਲ ਓਪਰੇਪਨ ਜਾਂ ਬਣਾਉਟੀਪਣ ਤੋਂ ਕੋਹਾਂ ਦੂਰ ਹੈ। ਸਹਿਜਤਾ ਤੇ ਸਪਸ਼ਟਤਾ ਉਸਦੇ ਜਜ਼ਬੇ ਦੀ ਖ਼ੂਬਸੂਰਤੀ ਵਿਚ ਵਾਧਾ ਕਰਦੇ ਹਨ। ਉਸਦੀਆਂ ਗ਼ਜ਼ਲਾਂ ਵਿਚ ਲੋਹੜੇ ਦੀ ਰਵਾਨੀ ਹੈ। ਉਹ ਆਮ ਗ਼ਜ਼ਲਕਾਰਾਂ ਵਾਂਗ ਜਜ਼ਬੇ ਨੂੰ ਇਕ ਥਾਂ 'ਤੇ ਬਿਠਾ ਕੇ ਉਸ ਨੂੰ ਬਿਆਨਣ ਲਈ ਤਸ਼ਬੀਹਾਂ ਲੱਭਣ ਕਿਤੇ ਦੂਰ-ਦੁਰੇਡੇ ਜਾਂ ਉਚੇਚ ਵਿਚ ਨਹੀਂ ਜਾਂਦਾ ਸਗੋਂ ਇਸ ਦੇ ਉਲਟ ਉਸ ਅਹਿਸਾਸ ਦੇ ਸਭ ਤੋਂ ਨੇੜਲੇ ਸ਼ਬਦ ਚੁਣ ਕੇ ਇੰਨੀ ਪੁਖ਼ਤਗੀ ਨਾਲ ਜੜਦੈ ਕਿ ਪੜ੍ਹਨ ਤੋਂ ਬਾਅਦ ਇਹੀ ਜਾਪਦੈ ਕਿ ਇਸ ਖ਼ਿਆਲ ਨੂੰ ਸਭ ਤੋਂ ਚੰਗੇ ਢੰਗ ਨਾਲ ਇਨ੍ਹਾਂ ਅਲਫਾਜ਼ ਨਾਲ ਹੀ ਬਿਆਨਿਆ ਜਾ ਸਕਦਾ ਸੀ, ਜਿਨ੍ਹਾਂ ਨਾਲ ਅਤੇ ਜਿਸ ਤਰ੍ਹਾਂ ਉਸ ਨੇ ਬੰਨ੍ਹੇ ਹਨ। ਇਸ ਖ਼ੂਬੀ ਨੂੰ ਉਸਦਾ ਗੱਲ ਕਹਿਣ ਦਾ ਸਲੀਕਾ ਹੋਰ ਵੀ ਨਿਖਾਰ ਕੇ ਪੇਸ਼ ਕਰਦੈ:-

'ਮੈਂ ਬੁਰਾ ਕਰਦਾ ਰਿਹਾ, ਇਲਜ਼ਾਮ ਉਹ ਲਾਉਂਦਾ ਤਾਂ ਹੈ,
ਪਰ ਉਹ ਦੱਸੇ ਤਾਂ ਸਹੀ, ਮੈਂ ਕੀ ਬੁਰਾ ਕਰਦਾ ਰਿਹਾ?

ਹਰ ਸਮੇਂ ਬੰਨ੍ਹਦੇ ਨੇ ਦਾਅਵੇ, ਜੋ ਤੇਰੇ ਬਣ ਰਹਿਣ ਦੇ
ਜਦ ਬਣਨ ਉਹ ਆਸਰੇ ਬੇਆਸਰੇ ਤਾਂ ਖ਼ਤ ਲਿਖ਼ੀ।

ਜਦ ਤੂੰ ਡਾਢੇ ਪਿਆਰ ਵਿਚ ਡਿਗ ਪਏਂ ਕਿਸੇ ਦੀ ਝੋਲ ਵਿਚ,
ਤੇ ਉਹ ਤੈਨੂੰ ਫੇਰ ਵੀ ਨਾ ਚਿੱਤ ਧਰੇ ਤਾਂ ਖ਼ਤ ਲਿਖ਼ੀ।

ਪੰਜਾਬ ਨੇ ਪਿਛਲੇ ਦਹਾਕੇ ਵਿਚ ਜਿਹੜਾ ਸੰਤਪ ਭੋਗਿਆ ਹੈ, ਉਸ ਤੋਂ ਭਾਵੇਂ ਕੋਈ ਵੀ ਕਲਮ ਅਛੂਤੀ ਨਹੀਂ ਰਹੀ ਪਰ ਸੈਣੀ ਦੀ ਗ਼ਜ਼ਲ ਉਸ ਕਾਲੇ ਅਤੀਤ ਤੇ ਅਫ਼ਸੋਸ ਕਰਨ ਦੇ ਨਾਲ ਨਾਲ ਅੱਜ ਦੀ ਸਿਆਸਤ ਦੇ ਚਿਰਾਗ਼ ਹੇਠਲੇ ਹਨੇਰੇ ਨੂੰ ਵੀ ਨੰਗਾ ਕਰਨ ਦੀ ਜ਼ੁਰਅੱਤ ਰੱਖਦੀ ਹੈ। ਉਸ ਦੀਆਂ ਗ਼ਜ਼ਲਾਂ ਦੇ ਅਧਿਐਨ ਤੋਂ ਬਾਅਦ ਅੱਜ ਦੀ ਦੂਸ਼ਤ ਸਿਆਸਤ ਤੋਂ ਚਿੰਤਤ ਉਸ ਅੰਦਰਲੇ ਸ਼ਾਇਰ ਦਾ ਸੱਚੇ ਦੇਸ਼ ਭਗਤ ਵਾਲਾ ਰੂਪ ਬੜੀ ਥਾਈਂ ਦ੍ਰਿਸ਼ਟੀਗੋਚਰ ਹੁੰਦੈ:-

ਆਜ਼ਾਦੀ ਲਈ ਜੋ ਸੁਣਿਆ ਸੀ ਪਾਇਆ ਨਹੀਂ,
ਸੁਣਨ ਤੇ ਦੇਖਣ ਵਿੱਚ ਕਿੰਨਾ ਅੰਤਰ ਹੈ?

ਹਰ ਕਾਨੂੰਨ ਹੀ ਘੁੱਟਦਾ ਹੈ ਪਰਜਾ ਦਾ ਗਲ,
ਆਖਣ ਨੂੰ ਹੀ 'ਸੈਣੀ' ਪਰਜਾਤੰਤਰ ਹੈ।

ਅਫ਼ਰਸ਼ਾਹੀ ਤੇ ਨੇਤਾਵਾਂ ਦੀ ਗਿਰ ਚੁੱਕੀ ਮਾਨਸਿਕਤਾ ਦੇ ਨਾਲ ਨਾਲ ਬਲਬੀਰ ਸੈਣੀ ਜਨਤਾ ਦੀ ਅਣਗਹਿਲੀ ਨੂੰ ਵੀ ਲੰਮੇ ਹੱਥੀਂ ਲੈਂਦਾ ਹੈ:-

ਵਾਹ ਵਾਹ ਸਾਡੇ ਦੇਸ ਦੀ ਪਰਜਾ, ਵਾਹ ਵਾਹ ਪਰਜਾ-ਤੰਤਰ,
ਰੋਟੀ ਦੇ ਛਾਬੇ ਦੀ ਰਾਖੀ-ਅਸੀਂ ਬਠਾਉਂਦੇ ਬੰਦਰ।

ਕੁਰਸੀ ਦੀ ਭੁੱਖ 'ਚ ਅੰਨੇ ਹੋਏ ਸਿਆਸਤਦਾਨਾਂ ਦੇ ਮਨਾਂ 'ਚ ਰਾਤੋ-ਰਾਤ ਹੀ ਜਨਤਾ ਪ੍ਰਤੀ ਹਮਦਰਦੀ ਜਾਗਣ ਦਾ ਢੌਂਗ ਉਸਦੇ ਨਿਸ਼ਾਨੇ ਤੋਂ ਖੁੰਝਦਾ ਨਹੀਂ:-

ਇਕ ਰਾਤ ਵਿਚ ਹੀ ਬਣ ਗਿਆ, ਲੋਕਾਂ ਦਾ ਗ਼ਮ ਇਹਨਾਂ ਦਾ ਗ਼ਮ,
ਮੂੰਹ 'ਤੇ ਮੁਖੌਟਾ ਪਹਿਨ ਇਹ, ਪੱਲੇ ਪਸਾਰੀ ਆ ਗਏ।

ਵੰਨ-ਸੁਵੰਨੇ ਅਲੰਕਾਰਾਂ ਦੀ ਵਰਤੋਂ ਵੀ ਉਸਨੇ ਬੜੀ ਖ਼ੂਬਸੂਰਤੀ ਨਾਲ ਕੀਤੀ ਹੈ। ਸ਼ਬਦਾਂ ਦੀ ਚੋਣ ਵਿਚ ਸਾਦਗੀ, ਸਪੱਸ਼ਟਤਾ ਅਤੇ ਅਖਾਣਾਂ ਦੀ ਵਰਤੋਂ ਜਿੱਥੇ ਖ਼ਿਆਲ ਨੂੰ ਪ੍ਰਭਾਵੀ ਬਣਾਉਂਦੀ ਹੈ, ਉੱਥੇ ਸ਼ਾਇਰ ਦੀ ਭਾਸ਼ਾਈ-ਪਕੜ ਦਾ ਪ੍ਰਤੱਖ ਸਬੂਤ ਵੀ ਦਿੰਦੀ ਹੈ। ਸੈਣੀ ਇਸ ਪੱਖੋਂ ਸਫਲ ਸ਼ਾਇਰ ਕਿਹਾ ਜਾ ਸਕਦਾ ਹੈ। ਮਿਸਾਲ ਦੇ ਤੌਰ 'ਤੇ ਉਸਨੇ ਹੇਠਲੇ ਸ਼ਿਅਰਾਂ ਵਿਚ 'ਮੌਜੂ ਉਡਾਉਣਾ', 'ਨਹੁੰਆਂ ਨਾਲੋਂ ਮਾਸ ਜੁਦਾ ਕਰਨਾ' ਅਤੇ 'ਮਤੇ ਪਕਾਉਣਾ' ਆਦਿ ਮੁਹਾਵਰਿਆਂ ਨੂੰ ਏਨੀ ਸਹਿਜਤਾ ਨਾਲ ਬੰਨ੍ਹਿਆ ਹੈ ਕਿ ਇਨ੍ਹਾਂ ਦੀ ਵਰਤੋਂ ਵਿਚ ਉਚੇਚ ਭੋਰਾ ਵੀ ਨਹੀਂ ਜਾਪਦਾ:-

ਆਪਣੇ ਸ਼ਿਅਰਾਂ ਦੀਆਂ ਦੇ ਉਕਤੀਆਂ,
ਆਪਣਾ ਮੌਜੂ ਉਡਾਇਆ ਨਾ ਕਰੋ।

ਨਹੁੰਆਂ ਨਾਲੋਂ ਮਾਸ ਜੁਦਾ ਕਰ ਛੱਡਿਆ
ਐਸੀ ਚੁਗਲੀ ਖਾਧੀ ਚੁਗਲੀ-ਖੋਰ ਨੇ।

ਮੈਂ ਮਤੇ ਪਕਾਉਂਦਾ ਰਹਿੰਦਾ ਹਾਂ,
ਤੂੰ ਮਿਲੇ ਤਾਂ ਅਹਿ ਅਹਿ ਆਖਾਂਗਾ
ਪਰ ਸਭ ਕੁਝ ਭੁੱਲ-ਭੁਲਾ ਜਾਂਦੈ,
ਜਦ ਜਦ ਵੀ ਤੈਨੂੰ ਤੱਕਦਾ ਹਾਂ

ਇਸ ਤਰ੍ਹਾਂ ਉਸਨੇ ਔਂਸੀਆਂ ਪਾਉਣਾ, ਹੱਥੀਂ ਛਾਵਾਂ ਕਰਨੀਆਂ, ਰਾਹਾਂ 'ਚ ਕੰਡੇ ਖਿਲਾਰਨਾ, ਬੁੱਕਲ 'ਚ ਸੱਪ ਪਾਲਣਾ, ਚੰਨ 'ਤੇ ਥੁੱਕਿਆਂ ਮੂੰਹ 'ਤੇ ਪੈਣਾ, ਦੂਜਿਆਂ ਲਈ ਖਾਈ ਖੋਦਣਾ, ਬਾਜ਼ੀ ਹਾਰਨਾ ਵਰਗੇ ਅਣਗਿਣਤ ਮੁਹਾਵਰਿਆਂ ਦੀ ਵਰਤੋਂ ਬਾਖ਼ੂਬੀ ਕੀਤੀ ਹੈ।

ਕੁੱਲ ਮਿਲਾ ਕੇ ਬਲਬੀਰ ਸੈਣੀ ਦਾ ਇਹ ਗ਼ਜ਼ਲ ਸੰਗ੍ਰਹਿ ਉਸਦੀ ਇਕ ਅਹਿਮ ਪ੍ਰਾਪਤੀ ਮੰਨਿਆ ਜਾ ਸਕਦੈ। ਭਾਵੇਂ ਅੱਜ ਦੇ ਸਮੇਂ 'ਚ ਹਰ ਮਨੁੱਖ ਦੀ ਜ਼ਿੰਦਗੀ ਬਨਾਉਟੀ ਮੁਲੰਮਿਆਂ ਦੀਆਂ ਬੇਸ਼ੁਮਾਰ ਪਰਤਾਂ ਹੇਠ ਦੱਬ ਕੇ ਰਹਿ ਗਈ ਹੈ ਪਰ ਆਓ ਅੱਜ ਬਲਬੀਰ ਸੈਣੀ ਦੇ 'ਸਿੱਪ ਦੇ ਮੋਤ' ਗ਼ਜ਼ਲ-ਸੰਗ੍ਰਹਿ ਵਿੱਚੋਂ ਆਪੋ ਆਪਣੇ ਅੰਦਰਲੇ ਮੋਤੀਆਂ ਨੂੰ ਵੀ ਲੱਭਣ ਦੀ ਕੋਸ਼ਿਸ਼ ਕਰੀਏ।

ਮਿਸ ਦਿਲਜੀਤ ਮਾਨ
'ਮਾਸਿਕ ਮਿਊਜ਼ਿਕ ਟਾਈਮਜ਼',
ਜਲੰਧਰ।

# ਸੁਰ ਤੇ ਸੰਗੀਤ ਦਾ ਸੁਮੇਲ- ਗ਼ਜ਼ਲ

ਪੰਜਾਬੀ ਯੂਨੀਵਰਸਿਟੀ ਵੱਲੋਂ ਛਾਪੀ ਕਹਾਣੀਆਂ ਦੀ ਪੁਸਤਕ "ਚੋਣਵਾਂ ਪੰਜਾਬੀ ਕਹਾਣੀ ਸੰਗ੍ਰਹਿ" ਦੀ ਆਦਿਕਾ ਵਿਚ ਪੰਜਾਬੀ ਸਾਹਿਤ ਜਗਤ ਦੇ ਨਾਮਵਰ ਹਸਤਾਖ਼ਸ਼ਰ, ਉਚਕੋਟੀ ਦੇ ਵਿਦਵਾਨ ਡਾ: ਟੀ.ਆਰ ਵਿਨੋਦ ਲਿਖਦੇ ਹਨ:-

"ਭਾਸ਼ਾ ਬਣ ਜਾਣ ਤੇ ਲਿਖਣ ਕਲਾ ਹੋਂਦ ਵਿਚ ਆ ਜਾਣ ਉਪਰੰਤ, ਕਹਾਣੀਆਂ ਸੁਣਨ ਸੁਣਾਉਣ ਤੇ ਕਹਾਣੀ ਲਿਖਣ ਪੜ੍ਹਨ ਦਾ ਕਾਰਜ ਹੋਰ ਕਿਸੇ ਵੀ ਸਾਹਿਤ-ਰੂਪ ਨਾਲੋਂ ਮਕਬੂਲ ਰਿਹਾ ਹੈ। ਨੀਤੀ ਅਤੇ ਕਵਿਤਾ ਦੀ ਵਿਆਖਿਆ ਲਈ ਕਹਾਣੀ ਰੂਪ ਦਾ ਹੀ ਆਸਰਾ ਲਿਆ ਜਾਂਦਾ ਰਿਹਾ ਹੈ। ਪਰ ਕਹਾਣੀ ਲੋਕ-ਪ੍ਰਿਯਤਾ ਕਾਰਨ ਹੀ ਸ਼ਾਇਦ, ਕਹਾਣੀ, ਕਾਵਿ-ਸ਼ਾਸਤਰ ਵਿਚ ਕਵਿਤਾ ਵਾਲੀ ਪਦਵੀ ਪ੍ਰਾਪਤ ਨਹੀਂ ਕਰ ਸਕੀ। ਇਸ ਨੂੰ ਜਾਂ ਤਾਂ ਸਸਤੇ ਮੋਨੰਰਜਨ ਦਾ ਸਾਧਨ ਸਮਝ ਕੇ ਨਜ਼ਰ-ਅੰਦਾਜ਼ ਕਰ ਦਿੱਤਾ ਗਿਆ ਹੈ ਤੇ ਜਾਂ ਫਿਰ ਇਸਦੀ ਅਹਿਮੀਅਤ ਨੂੰ ਮਜ਼ਬੂਰੀ ਵੱਸ ਸਵੀਕਾਰ ਕੀਤਾ ਲਗਦਾ ਹੈ ਤੇ ਇਸਨੂੰ ਦੂਜਾ ਦਰਜਾ ਦਿੱਤਾ ਗਿਆ ਹੈ। ਇਸ ਸਬੰਧ ਵਿਚ ਪਹਿਲੀ ਗੱਲ ਤਾਂ ਇਹ ਹੈ ਕਿ ਕਾਵਿ-ਸ਼ਾਸ਼ਤਰ ਦਾ ਨਿਰਮਾਣ ਕਵਿਤਾ ਦੇ ਆਧਾਰ ਤੇ ਹੋਇਆ ਹੈ, ਕਹਾਣੀ ਜਾਂ ਕਹਾਣੀ ਆਧਾਰਿਤ ਸਾਹਿਤ ਰੂਪਾਂ ਦੇ ਆਧਾਰ ਤੇ ਨਹੀਂ। ਦੂਸਰਾ ਕਹਾਣੀ ਦਾ ਕੋਈ ਆਪਣਾ ਕਾਵਿ ਸ਼ਾਸ਼ਤਰ ਹੀ ਹੋਂਦ ਵਿਚ ਨਹੀਂ ਆ ਸਕਿਆ। ਤੀਸਰਾ ਕਹਾਣੀ ਨੂੰ ਕਹਾਣੀ ਆਧਾਰਿਤ ਸਾਹਿਤ ਰੂਪਾਂ ਦੇ ਅਨਿਵਾਰੀ ਢਾਂਚੇ ਵੱਜੋਂ ਤਾਂ ਸਵੀਕਾਰ ਕੀਤਾ ਗਿਆ ਹੈ, ਅਹਿਮ ਅੰਗ ਵੱਜੋਂ ਨਹੀਂ।"

ਕਾਰਣ ਕੋਈ ਵੀ ਹੋਵੇ ਸਤਿਕਾਰਯੋਗ ਡਾ.ਟੀ.ਆਰ.ਵਿਨੋਦ ਨੇ ਸਾਹਿਤ ਦੇ ਕਾਵਿ-ਰੂਪ ਨੂੰ ਪਹਿਲੇ ਦਰਜ਼ੇ ਦਾ ਸਾਹਿਤ ਰੂਪ ਕਹਿ ਕੇ ਨਿਵਾਜਿਆ ਹੈ। ਕੋਈ ਵੀ ਨਿਰਪੱਖ ਸਾਹਿਤਕਾਰ ਕਦੇ ਵੀ ਇਸ ਤੋਂ ਇਨਕਾਰੀ ਨਹੀਂ ਹੋਵੇਗਾ ਕਿ ਸਾਹਿਤ ਦੇ ਸਭ ਰੂਪਾਂ ਵਿਚ ਕਾਵਿ-ਰੂਪ ਹੀ ਸਰਵੋਤਮ ਹੈ ਭਾਵੇਂ ਸਾਹਿਤ ਦੇ ਬਾਕੀ ਸਾਰੇ ਰੂਪ ਵੀ ਸਤਿਕਾਰ ਦੇ ਪਾਤਰ ਹਨ। ਅਸੀਂ ਵੇਖਦੇ ਹਾਂ ਕਿ ਸਾਡੀਆਂ ਆਦਿ ਪੁਸਤਕਾਂ, ਸਾਡੇ ਧਰਮ-ਗ੍ਰੰਥ, ਭਾਵੇਂ ਉਹ ਗੁਰੂ ਗ੍ਰੰਥ ਸਾਹਿਬ ਹੈ, ਗੀਤਾ, ਰਾਮਾਇਣ ਜਾਂ ਕੁਰਾਨ ਹੈ, ਸਾਰੇ ਦੇ ਸਾਰੇ ਹੀ ਕਾਵਿ-ਰੂਪ ਵਿਚ ਹਨ ਅਤੇ ਵਿਭਿੰਨ ਰਾਗਾਂ ਵਿਚ ਹਨ। ਹੋਰ ਵੀ ਅਨੇਕਾਂ ਪੁਸਤਕਾਂ, ਜਿਹਨਾਂ ਦੇ ਪੰਨਿਆਂ ਦੇ ਪੰਨੇ ਲੋਕਾਂ ਨੂੰ ਜ਼ੁਬਾਨੀ ਯਾਦ ਹਨ, ਕਾਵਿ ਰੂਪ ਵਿਚ ਹੀ ਹਨ। ਇਹਨਾਂ ਵਿਚ ਭਾਵੇਂ ਹੀਰ ਰਾਂਝੇ ਦੀ, ਸੱਸੀ

ਪੁਨੂੰ ਦੀ, ਸ਼ੀਰੀ-ਫ਼ਰਿਹਾਦ ਦੀ, ਮਿਰਜ਼ਾ-ਸਾਹਿਬਾਂ ਦੀ ਪਿਆਰ-ਕਥਾਵਾਂ ਹਨ, ਭਾਵੇਂ ਪੂਰਨ ਭਗਤ, ਸਰਵਣ ਪੁੱਤਰ ਸਰਵਣ ਕੁਮਾਰ, ਰਾਜਾ ਹਰੀਸ਼ ਚੰਦਰ, ਨਲ-ਦਮਯੰਤੀ ਦੀਆਂ ਸਮਾਜਿਕ ਤੇ ਸਾਂਸਕਿਰਤਕ ਕਥਾਵਾਂ ਹੈਨ, ਭਾਵੇਂ ਅਮਰ ਸਿੰਘ ਰਾਠੌਰ, ਆਲਾ-ਊਦਲ, ਵੀਰ ਅਭਿਮਨਯੂ, ਜੰਗਨਾਮਾ ਸਿੱਖਾਂ, ਇਤਿਹਾਸਕ ਤੇ ਬੀਰ -ਰਸੀ ਕਥਾਵਾਂ ਹਨ, ਸਾਰੀਆਂ ਹੀ ਸਾਹਿਤ ਦੇ ਕਾਵਿ ਰੂਪ ਵਿਚ ਹਨ। ਕਹਿਣ ਦਾ ਭਾਵ ਹੈ ਕਿ ਕੋਈ ਵੀ ਉਹ ਪੁਸਤਕ ਜੋ ਲੋਕਾਂ ਦੀ ਜ਼ੁਬਾਨ ਤੇ ਚੜ੍ਹ ਕੇ ਰਹੀ ਹੈ ਤੇ ਚੜ੍ਹੀ ਹੋਈ ਹੈ, ਮੁੱਖ ਤੌਰ ਤੇ ਕਾਵਿ ਰੂਪ ਵਿਚ ਹੀ ਹੈ। ਉਸਤਾਦ ਸਵ: ਦੀਪਕ ਜੈਤੋਈ ਸਾਹਿਬ ਦੇ ਦਾਦਾ ਉਸਤਾਦ ਪੰਡਤ ਸ਼ਰਧਾ ਰਾਮ ਫਲੌਰੀ ਰਚਿਤ ਲੈਅ ਅਤੇ ਰਿਦਮ ਵਿਚ ਭਰਪੂਰ ਆਰਤੀ "ਓਮ ਜੈ ਜਗਦੀਸ਼ ਹਰੇ" ਸਮੁੱਚੇ ਹਿੰਦੁਸਤਾਨ ਵਿਚ ਬੱਚੇ ਬੱਚੇ ਨੂੰ ਜ਼ੁਬਾਨੀ ਯਾਦ ਹੈ।

ਅੱਜ ਦੇ ਦੌਰ ਵਿਚ ਕਾਵਿ-ਰੂਪ ਦਾ ਜਿਹੜਾ ਸਭ ਤੋਂ ਮਕਬੂਲ ਅੰਗ ਹੈ ਉਹ ਗ਼ਜ਼ਲ ਦੇ ਰੂਪ ਵਿਚ ਹੈ। ਇਹ ਹਕੀਕਤ ਹੈ ਕਿ ਇਸ ਦੌਰ ਵਿਚ ਜਿੰਨਾਂ ਮੁਕਾਮ ਗ਼ਜ਼ਲ ਸਿਨਫ਼ ਨੂੰ ਹਾਸਿਲ ਹੈ, ਉਹ ਕਾਵਿ ਰੂਪ ਦੀ ਕਿਸੇ ਹੋਰ ਵਿਧਾ ਨੂੰ ਨਹੀਂ ਹੈ। ਸੱਠਵਿਆਂ ਤੇ ਸੱਤਰਵਿਆਂ ਦੇ ਦਹਾਕੇ ਵਿਚ ਯੂਰਪ-ਨੁਮਾ ਪ੍ਰਯੋਗ ਵਾਦੀ ਕਾਵਿ ਦੀ ਝੁੱਲੀ ਹਨੇਰੀ ਦੀਆਂ ਚੁਣੌਤੀਆਂ ਨੂੰ ਸਵੀਕਾਰਦਿਆਂ ਗ਼ਜ਼ਲਗੋਆਂ ਨੇ ਜਿਸ ਵਿਦਵਤਾ ਅਤੇ ਦ੍ਰਿੜਤਾ ਨਾਲ ਸਿਰੜੀ ਸੰਘਰਸ਼ ਜਿੱਤਿਆ ਹੈ ਉਸਨੇ ਨਾ ਕੇਵਲ ਪੰਜਾਬੀ ਰੰਗ, ਪੰਜਾਬੀ ਸ਼ਬਦਾਵਾਲੀ ਤੇ ਪੰਜਾਬੀ ਜ਼ੁਬਾਨ ਨੂੰ ਹੀ ਬਚਾਇਆ ਹੈ ਸਗੋਂ ਰਾਗਾਂ ਨੂੰ ਛੰਦਾਂ ਨੂੰ ਅਤੇ ਸਮੁੱਚੇ ਸੰਗੀਤ ਨੂੰ ਵੀ ਬਚਾ ਲਿਆ ਹੈ। ਅੱਜ ਦੇ ਦੌਰ ਵਿਚ ਸਿਰਮੌਰ ਗ਼ਜ਼ਲਗੋਆਂ ਦੀ ਇਕ ਵੱਡੀ ਫੌਜ ਬਣ ਗਈ ਹੈ ਜਿਨ੍ਹਾਂ ਦੀਆਂ ਗ਼ਜ਼ਲਾਂ ਵਿਚ ਨਾ ਕੇਵਲ ਖ਼ਿਆਲਾਂ, ਅਹਿਸਾਸਾਂ, ਭਾਵਾਂ, ਜਜ਼ਬਾਤਾਂ ਦੀ ਡੂੰਘਿਆਈ ਹੈ ਸਗੋਂ ਸੂਖਮਤਾ, ਕੋਮਲਤਾ, ਨਜ਼ਾਕਤਤਾ, ਕਲਾਤਮਕਤਾ ਅਤੇ ਦਿਲਾਂ ਨੂੰ ਟੁੰਬਣ ਵਾਲੀ ਉਹ ਸਮਰੱਥਾ ਵੀ ਹੈ ਜਿਸ ਤਰਾਂ ਜਿਸ ਰਾਹੀਂ ਪੰਜਾਬੀ ਗ਼ਜ਼ਲ ਨੇ ਸਮੁੱਚੇ ਕਾਵਿ-ਖੇਤਰ ਵਿਚ ਵਿਸ਼ੇਸ਼ ਪ੍ਰਤਿਭਾ ਦਾ ਹਾਸਿਲ ਵੀ ਬਣਾਇਆ ਹੈ ਅਤੇ ਗੁਣਾਤਮਕ ਪੱਖੋਂ ਯੁੱਗ ਅਨੁਕੂਲਤਾ ਵੀ ਪ੍ਰਦਾਨ ਕੀਤੀ ਹੈ। ਸਿੱਟੇ ਵਜੋਂ ਅੱਜ ਗ਼ਜ਼ਲ ਨਾ ਤਾਂ ਕਿਸੇ ਨੱਢੀ ਦੀਆਂ ਸ਼ੋਖ਼ ਮੁਦਰਾਵਾਂ ਨਾਲ ਬੱਝੀ ਰਹਿ ਗਈ ਹੈ ਅਤੇ ਨਾ ਹੀ ਅਰਬ ਇਰਾਨ ਦੀ ਮੀਨਾ-ਓ-ਸ਼ਰਾਬ ਨਾਲ। ਸਗੋਂ ਅੱਜ ਦੇ ਗ਼ਜ਼ਲਕਾਰਾਂ ਦੀਆਂ ਗ਼ਜ਼ਲਾਂ ਵਿਚ ਪੰਜਾਬੀ ਮਿੱਟੀ ਦੀ ਖ਼ੁਸ਼ਬੂ, ਪੰਜਾਬੀ ਮਿੱਟੀ ਦਾ ਮੋਹ ਪੂਰਨ ਤੌਰ 'ਤੇ ਰਲਿਆ ਹੋਇਆ ਹੈ ਅਤੇ ਉਹਨਾਂ ਆਪਣੀਆਂ ਗ਼ਜ਼ਲਾਂ ਵਿਚ ਲੋਕ ਰੋਹ ਨੂੰ, ਵੰਨ-ਸੁਵੰਨੇ ਵਿਸ਼ਿਆਂ ਨੂੰ ਇਸ ਤਰ੍ਹਾਂ ਢਾਲ ਲਿਆ ਹੈ ਕਿ ਅਜ ਪੰਜਾਬੀ ਗ਼ਜ਼ਲ ਨੂੰ ਨਾ ਤਾਂ ਪਰੰਪਰਾਵਾਦੀ ਹੋਣ ਦਾ ਮਿਹਣਾ ਹੈ ਅਤੇ ਨਾ ਹੀ ਲੋਕ-ਸੰਘਰਸ਼ਾਂ ਵਿਚ ਜੂਝਦੇ ਲੋਕਾਂ ਦੀ ਜ਼ੁਬਾਨ ਬਣਨ ਦਾ ਝਾਕਾ ! ਡਿਗਰੀਆਂ ਡਾਕਟਰੀਆਂ ਦੇ ਆਸਰੇ, ਆਪ ਪੈਸੇ ਖ਼ਰਚ ਕੇ ਵੱਡੇ ਵੱਡੇ ਸਮਾਗਮਾਂ ਵਿਚ ਖ਼ੁਦ ਨੂੰ ਵੱਡਾ ਵਿਦਵਾਨ ਗਰਦਾਰਣ ਵਾਲੇ ਤੇ ਗ਼ਜ਼ਲ ਪਿੱਛੇ ਲਾਠੀਆਂ ਚੁੱਕੀ ਫਿਰਦੇ ਪੈਂਚ-ਖੜਪੈਂਚ ਅਜ ਗ਼ਜ਼ਲ-ਸਿਨਫ਼ ਦੀ ਵਕਾਲਤ ਕਰਦੇ ਹਨ ਅਤੇ ਖ਼ੁਦ ਗ਼ਜ਼ਲ ਲਿਖਦੇ ਹਨ-ਇਹ ਗ਼ਜ਼ਲ-

ਸਿਨਫ਼ ਦੀ ਜੇ ਪ੍ਰਾਪਤੀ ਨਹੀਂ ਤਾਂ ਹੋਰ ਕੀ ਹੈ?

ਅਜ ਦੇ ਸਿਖਿਆਰਥੀ ਕੱਲ੍ਹ ਦੇ ਟੀਚਰ ਹੁੰਦੇ ਹਨ ਤੇ ਅਜ ਦੇ ਪਾਰਖੂ ਕੱਲ੍ਹ ਦੇ ਆਲੋਚਕ। ਨੇਮ ਨਾਲ ਕਦਮ ਦਰ ਕਦਮ ਟੁਰਕੇ ਹੀ ਟੀਸੀ ਤੇ ਪਹੁੰਚਿਆ ਜਾ ਸਕਦਾ ਹੈ। ਨੇਮ ਨਾਲ ਰੁੱਤਾਂ ਬਦਲਦੀਆਂ ਹਨ– ਨੇਮ ਨਾਲ ਜੀਵਨ ਦੀਆਂ ਸਾਰੀਆਂ ਅਵਸਥਾਵਾਂ ਆਓਂਦੀਆਂ ਹਨ। ਕੋਈ ਵੀ ਕੰਮ ਜੇ ਬਿਨਾ ਨੇਮ ਤੋਂ ਕਰੋਗੇ ਤਾਂ ਉਥਲ –ਪੁਥਲ ਹੋਣੀ ਸੁਭਾਵਿਕ ਹੈ। ਅੱਗ ਚੁੱਲ੍ਹੇ ਦੇ ਨੇਮ ਵਿਚ ਹੀ ਸੁਖਾਵੀਂ ਹੈ–ਪਾਣੀ ਕਿਨਾਰਿਆਂ ਜਾਂ ਖੂਹਾਂ ਦੀ ਕੈਦ ਵਿਚ ਹੀ ਜੀਵਨ–ਦਾਤਾ ਹੈ। ਚੰਦ–ਸੂਰਜ, ਦਿਨ–ਰਾਤ, ਰੁੱਤਾਂ ਆਦਿ ਸਭ ਕੁੱਝ ਹੀ ਇਕ ਨੇਮ ਨਾਲ ਹੀ ਚੱਲ ਰਹੇ ਹਨ ਤੇ ਦੁਨੀਆਂ ਲਈ ਕਲਿਆਣਕਾਰੀ ਹਨ। ਜੇ ਸਭ ਪਾਸੇ ਨੇਮ ਪ੍ਰਧਾਨ ਹੈ ਤੇ ਨੇਮ ਕਰਕੇ ਹੀ ਸਾਰਾ ਬ੍ਰਹਿਮੰਡ ਖੜ੍ਹਾ ਹੈ ਤਾਂ ਕਵਿਤਾ ਜਾਂ ਗੀਤ ਗ਼ਜ਼ਲ ਲਿਖ਼ਣ ਵਿਚ ਕਿਸੇ ਨੇਮ ਤੋਂ ਪਾਸਾ ਕਿਸ ਲਿਹਾਜ਼ ਨਾਲ ਵੱਟਿਆ ਜਾਂਦਾ ਹੈ? ਕਿਸੇ ਵੀ ਬਹਿਸ ਵਿਚ ਪੈਣ ਤੋਂ ਬਿਨਾਂ ਮੈਂ ਕਹਿਣਾ ਚਾਹਾਂਗਾ ਕਿ ਜੇ ਆਪਣੀ ਸੰਸਕ੍ਰਿਤੀ ਨੂੰ ਜਿਊਂਦਾ ਰੱਖਣਾ ਹੈ– ਪੰਜਾਬੀ ਸੱਭਿਆਚਾਰ ਨੂੰ ਜਿਊਂਦੇ ਰੱਖਣਾ ਹੈ ਸੰਗੀਤ ਨੂੰ ਜੀਵਨ ਆਦਰਸ਼ ਬਣਾਈ ਰੱਖਣਾ ਹੈ ਤਾਂ ਯਕੀਕਨ ਸਾਨੂੰ ਕਵਿਤਾ–ਗੀਤ–ਗ਼ਜ਼ਲ ਇਕ ਨੇਮ ਤਹਿਤ ਲਿਖਣੇ ਪੈਣਗੇ। ਨੇਮ ਤਹਿਤ ਲਿਖਿਆ ਸਾਹਿਤ ਦਾ ਸਮੁੱਚਾ ਕਾਵਿ–ਰੂਪ ਸੁੰਦਰ ਵੀ ਹੋਵੇਗਾ ਅਤੇ ਸੁਆਦਲਾ ਵੀ –ਐਸਾ ਮੇਰਾ ਨਿਸ਼ਚਾ ਵੀ ਹੈ ਅਤੇ ਮੇਰੀ ਨਿਸ਼ਠਾ ਵੀ।

ਮੈਂ ਇਹ ਦਾਅਵਾ ਨਹੀਂ ਕਰਦਾ ਕਿ ਇਸ ਪੁਸਤਕ ਦੇ ਸਾਰੇ ਸ਼ਿਅਰ ਦੋਸ਼ –ਮੁਕਤ ਹਨ। ਪੁਸਤਕ ਦੀਆਂ ਸਾਰੀਆਂ ਗ਼ਜ਼ਲਾਂ ਕਈ ਵਾਰ ਉਸਤਾਦਾਂ ਦੀਆਂ ਨਜ਼ਰਾਂ ਚੋਂ ਗੁਜ਼ਰੀਆਂ ਹਨ। ਕਿਉਂਕਿ ਇਹਨਾਂ ਵਿਚ ਬਹੁਤੀਆਂ ਗ਼ਜ਼ਲਾਂ ਕਾਫ਼ੀ ਪੁਰਾਣੀਆਂ ਹਨ, ਇਸ ਕਰਕੇ ਜੋ ਵੀ ਕੋਈ ਦੋਸ਼ ਹੈ ਉਹ ਨਜ਼ਰ ਵਿਚ ਤਾਂ ਹੈ ਪਰ ਖਿਆਲਾਂ ਦੀ ਸੁੰਦਰਤਾ ਅਤੇ ਨਾਜ਼ੁਕਤਾ ਨੂੰ ਮੁੱਖ ਰੱਖ ਕੇ ਦੂਰ ਨਹੀਂ ਕੀਤਾ ਗਿਆ। ਅਗਲੀ ਪੁਸਤਕ ਦੀਆਂ ਗ਼ਜ਼ਲਾਂ ਵਿਚ ਇਸ ਗੱਲ ਦਾ ਦੁਹਰਾਅ ਨਹੀਂ ਹੋਵੇਗਾ। ਮੈਂ ਵਿਸ਼ੇਸ਼ ਤੌਰ ਤੇ ਧੰਨਵਾਦੀ ਹਾਂ, ਹਰਿਆਣਾ ਪੰਜਾਬੀ ਸਾਹਿਤ–ਅਕਾਦਮੀ ਦਾ ਜਿਸ ਨੇ ਮੇਰੀ ਇਸ ਤੀਜੀ ਪੁਸਤਕ ਨੂੰ 7500/– ਰੁਪਏ ਦਾ ਅਨੁਦਾਨ ਮੰਜੂਰ ਕੀਤਾ ਹੈ।

ਮੈਂ ਧੰਨਵਾਦੀ ਹਾਂ ਆਪਣੇ ਛੋਟੇ ਵੀਰ ਉਸਤਾਦ ਗ਼ਜ਼ਲਗੋ ਸ: ਅਮਰਜੀਤ ਸਿੰਘ ਸੰਧੂ ਅਤੇ ਬਹੁਤ ਉਮਦਾ ਗ਼ਜ਼ਲਗੋ ਮਿਸ ਦਿਲਜੀਤ ਉਰਫ਼ ਜਿਓਤੀ ਮਾਨ ਦਾ ਜਿਹਨਾਂ ਮੇਰੀ ਗ਼ਜ਼ਲ–ਗੋਈ ਨੂੰ ਅਪਣੀ ਵਡਮੁੱਲੀ ਰਾਏ ਨਾਲ ਨਿਵਾਜਿਆ ਹੈ। ਮੈਂ ਧੰਨਵਾਦੀ ਹਾਂ ਆਪਣੇ ਛੋਟੇ ਵੀਰ ਅਤੇ ਦੇਸ਼–ਵਿਦੇਸ਼ ਵਿਚ ਜਾਣੇ ਜਾਂਦੇ ਚਰਚਿਤ ਬਾਲ ਲੇਖਕ ਡਾ. ਦਰਸ਼ਨ ਸਿੰਘ ਆਸ਼ਟ ਦਾ, ਜਿਹਨਾਂ ਦੀ ਦੇਖ ਰੇਖ ਵਿਚ ਇਸ ਪੁਸਤਕ ਦੀ ਪ੍ਰਕਾਸ਼ਨਾ ਹੋਈ ਹੈ।

ਮੈਂ ਧੰਨਵਾਦੀ ਹਾਂ ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ ਦਾ ਜਿਹਨਾਂ ਦੀ ਪ੍ਰਕਾਸ਼ਨਾ ਦਾ ਹਰ ਕੋਈ ਕਾਇਲ ਹੈ ਅਤੇ ਜਿਹਨਾਂ ਨੇ ਇਸ ਪੁਸਤਕ ਨੂੰ ਇੰਨੇ ਸੁਹਣੇ ਰੂਪ ਵਿਚ ਪ੍ਰਕਾਸ਼ਤ ਕਰਕੇ ਆਪਣੀ ਪ੍ਰਕਾਸ਼ਨਾ ਦਾ ਸਿੱਕਾ ਜਮਾਇਆ ਹੈ।

ਅੰਤ ਵਿਚ ਮੈਂ ਆਪਣੇ ਇਹਨਾਂ ਸ਼ਿਅਰਾਂ ਨਾਲ ਇਹ ਗ਼ਜ਼ਲ–ਸੰਗ੍ਰਹਿ

ਆਪ ਸਭ ਦੀ ਨਜ਼ਰ ਕਰ ਰਿਹਾ ਹਾਂ:

ਸਾਡਾ ਖ਼ੂਨ ਹੀ ਚਿੱਟਾ ਹੋ ਗਿਆ ਏ, ਅਸੀਂ ਕੁਝ ਵੀ ਕਰਨ ਦੇ ਯੋਗ ਨਹੀਂ,
ਜੇ ਕਾਂ ਮਰ ਜਾਏ ਤਾਂ ਮੱਚ ਜਾਂਦੀ ਏ, ਕਾਵਾਂ-ਰੌਲੀ ਕਾਵਾਂ ਵਿਚ।

ਨਿੱਤ ਸੋਚਦਾ ਅੱਜ ਮਹਿਰਮ ਨੂੰ, ਅਹਿ ਆਖਾਂਗਾ, ਅਹੁ ਆਖਾਂਗਾ,
ਐਪਰ ਜਦ ਵੀ ਮਿਲਦਾਂ, ਅੱਖਰ ਰਟੇ ਰਟਾਏ ਭੁੱਲ ਜਾਂਦੇ ਨੇ।

ਆਪਣੀਆਂ ਸਾਰੀਆਂ ਸੱਧਰਾਂ, ਸਿੱਕਾਂ, ਅਪਣੇ ਸਾਰੇ ਚਾਵਾਂ ਨੂੰ ਮੈਂ,
ਅਪਣੇ ਦਿਲ ਦੀ ਚਿਖ਼ਾ ਤੇ ਰਖ ਕੇ, ਆਪੇ ਲਾਂਬੂ ਲਾ ਦਿੱਤੇ ਨੇ।

ਯਾ ਰੱਬ ਨਿਕਲਣ ਪ੍ਰਾਣ ਜਦੋਂ ਤਾਂ ਐ ਹੋਵੇ,
ਸਿਰ ਉਹਦੀ ਸਰਦਲ ਤੇ, ਅੱਖਾਂ ਰਾਹਾਂ ਵਿਚ।

ਨੀਂਦਰ ਵਰਗੇ ਮਿੱਠੇ ਯਾਰਾ ਜੀ ਕਰਦੈ,
ਮੁੜ ਨਾ ਜਾਗਾਂ ਸੌਂ ਕੇ ਤੇਰੀਆਂ ਬਾਹਾਂ ਵਿਚ।

ਪਿੰਡ ਤੇਰਾ 'ਕਠਵਾ' ਹੈ 'ਸੈਣੀ' ਡਾਕਖਾਨਾ 'ਕਲਸਾਣਾ'
'ਕੁਰੂਕਸ਼ੇਤਰ' ਜ਼ਿਲਾ ਹੈ ਅਜ-ਕਲ, ਪਹਿਲਾਂ ਸੀ 'ਕਰਨਾਲ'।

-ਬਲਬੀਰ ਸਿੰਘ ਸੈਣੀ

♣

ਅਨੰਤ ਤੇ ਅਥਾਹ – ਗੁਰੂ ਗੋਬਿੰਦ ਸਿੰਘ।
ਮੀਰੇ – ਸ਼ਹਿਨਸ਼ਾਹ – ਗੁਰੂ ਗੋਬਿੰਦ ਸਿੰਘ।

'ਆਪੇ ਗੁਰੂ, ਆਪੇ ਹੀ ਚੇਲਾ' ਮਰਦ ਉਹ,
ਵਾਹੁ ਵਾਹੁ, ਵਾਹ – ਗੁਰੂ ਗੋਬਿੰਦ ਸਿੰਘ।

"ਕੌਣ ਹੈ ਪੀਰਾਂ ਦਾ ਪੀਰ?" ਤਾਂ ਆਖਿਆ,
ਪੀਰ ਬੁੱਢਣ ਸ਼ਾਹ – "ਗੁਰੂ ਗੋਬਿੰਦ ਸਿੰਘ"।

ਬਖ਼ਸ਼ ਕੇ 'ਬਾਣਾ' ਤੇ 'ਅੰਮ੍ਰਿਤ' ਕੌਮ ਨੂੰ,
ਪਾਇਆ ਸਿੱਧੇ ਰਾਹ – ਗੁਰੂ ਗੋਬਿੰਦ ਸਿੰਘ।

ਤਾਰ ਦਿੱਤੀ ਕੌਮ ਭੰਵਰਾਂ ਵਿਚ ਫਸੀ,
ਐਸਾ ਸੀ ਉਹ ਮਲਾਹ – ਗੁਰੂ ਗੋਬਿੰਦ ਸਿੰਘ।

ਹਿੰਦੂ, ਮੁਸਲਿਮ, ਸਿੱਖ, ਇਸਾਈ, ਕਹਿਣ ਸਭ,
ਸਾਡੇ ਆਲੀਜਾਹ – ਗੁਰੂ ਗੋਬਿੰਦ ਸਿੰਘ।

ਆਖਿਆ ਐ 'ਸੈਣੀ' "ਭਾਈ ਨੰਦ ਲਾਲ,"
"ਬਰ ਦੋ ਆਲਮ "ਸ਼ਾਹ" – ਗੁਰੂ ਗੋਬਿੰਦ ਸਿੰਘ।

•

♣

ਬੁਰਾ ਤੂੰ ਸਮਝ ਨਾ ਇਸਨੂੰ, ਬੁਰਾ ਨਹੀਂ ਦੋਸਤਾ ਸੈਣੀ।
ਤੂੰ ਜਦ ਮਰਜ਼ੀ ਪਰਖ ਵੇਖੀਂ, ਇਹ ਉਤਰੇਗਾ ਖਰਾ ਸੈਣੀ।

ਇਹ ਤਾਂ ਗੱਲ ਜੱਗ- ਜ਼ਾਹਿਰ ਹੈ, ਰਹੇਗਾ ਨਾਂ ਇਦ੍ਹਾ ਜੱਗ ਤੇ,
ਮਰਨ ਪਿੱਛੋਂ ਵੀ ਜਿੰਦਾ ਰਹਿਣ ਲਈ ਕੁਝ ਕਰ ਗਿਆ ਸੈਣੀ।

ਜਦੋਂ 'ਮਹਿਫ਼ਿਲ' 'ਚ ਪਬ ਧਰਦੈ, ਤਾਂ ਸਾਰੇ ਕਹਿ ਉੱਠਣ ਐਦਾਂ,
ਲਓ ਜੀ ਆ ਗਿਆ ਸੈਣੀ, ਲਓ ਜੀ ਆ ਗਿਆ ਸੈਣੀ।

ਮੁਹੱਬਤ ਦਾ ਮਸੀਹਾ ਹੈ ਤੇ ਹੈ ਦਿਲਦਾਰ, ਦਿਲਬਰ ਦਾ,
ਕਿਸੇ ਨੂੰ ਭਾ ਗਿਆ ਸੈਣੀ, ਕਿਸੇ ਦਾ ਹੋ ਗਿਆ ਸੈਣੀ।

ਉਹ ਲੁਟਕੇ ਲੈ ਗਿਆ ਦਿਲ ਨੂੰ, ਮਲਕੜੇ ਗੱਲ ਕਹਿਕੇ ਇਹ,
ਮੇਰੇ ਦਿਲ ਦੀਹੈ ਜੰਨਤ ਉਹ, ਮੇਰੀ ਰੂਹ ਦਾ ਖ਼ੁਦਾ ਸੈਣੀ।

ਤੂੰ ਜੇ ਇਸਨੂੰ ਵਫ਼ਾ ਬਦਲੇ, ਵਫ਼ਾ ਦਾ ਅੰਸ਼ ਵੀ ਦੇਵੇਂ,
ਰਿਹਾ ਵਾਅਦਾ, ਉਮਰ ਭਰ ਹੀ, ਰਹੇਗਾ ਇਹ ਤੇਰਾ ਸੈਣੀ।

•

♣

ਕਦੋਂ ਕਿਸੇ ਦੇ ਗਲ ਦੀ ਸ਼ੋਭਾ, ਬਣਦੇ ਫੁੱਲ ਕਪਾਹਾਂ ਦੇ।
ਕਿਸਮਤ ਨਾਲ ਨਸੀਬ ਨੇ ਹੁੰਦੇ, ਵੇਲੇ - ਵਕਤ ਉਮਾਹਾਂ ਦੇ।

ਮੇਰੇ ਗਲ ਵਿਚ ਸਦਾ ਨਸੀਬਾਂ, ਇਲਜ਼ਾਮਾਂ ਦਾ ਫਾਹ ਪਾਇਆ,
ਮੇਰੇ ਗਲ ਵਿਚ ਕਦੇ ਪਏ ਨਾ, ਹਾਰ ਯਾਰ ਦੀਆਂ ਬਾਹਾਂ ਦੇ।

ਫੁੱਲ ਵਾਂਗ ਜਿਸਮ ਉਨ੍ਹਾਂ ਦਾ, ਕਿੱਦਾਂ ਭਾਰ ਉਠਾਏਗਾ,
ਕਦ ਉਹ ਸਾਥੀ ਬਣ ਸਕਦੇ ਹਨ, ਮੇਰੇ ਗ਼ਮ ਦੀਆਂ ਰਾਹਾਂ ਦੇ?

ਮੈਂ ਤਾਂ ਸੱਚੀ ਗੱਲ ਆਖ ਕੇ, ਮੁਜ਼ਿਰਮ ਹੀ ਬਣ ਜਾਂਦਾ ਹਾਂ,
ਕਿੰਨੀ ਮਿੱਠੀ ਗੱਲ ਕਰਦੇ ਹਨ, ਠੇਕੇਦਾਰ ਗੁਨਾਹਾਂ ਦੇ।

ਤੂੰ ਤਾਂ ਸਾਨੂੰ ਭੁੱਲ ਗਿਐਂ ਪਰ ਖਵਰੇ ਕਿਉਂ ਜਦ ਲੰਘਦਾ ਹਾਂ,
ਮੈਨੂੰ ਵੇਖ ਵੇਖ ਕੇ ਰੋਂਦੇ, ਪੱਥਰ ਤੇਰੀਆਂ ਰਾਹਾਂ ਦੇ।

ਅਣਖ ਆਣ ਦੀ ਗੱਲ ਤਾਂ ਛੱਡੋ, ਪਿਆਰ ਦੇ ਇਸ ਸੰਸਾਰ ਵਿਚ,
ਇਸ਼ਕ ਦੇ ਚੱਕਰ ਵਿਚ ਨੇ ਲੁੱਟ ਗਏ, ਤਾਜ ਅਨੇਕਾਂ ਸ਼ਾਹਾਂ ਦੇ।

ਹੁਣ 'ਸੈਣੀ' ਆਪਣੇ ਦਮ - ਖ਼ਮ ਤੇ, ਮੰਜ਼ਿਲ ਲਭਣੀ ਪੈਣੀ ਹੈ,
ਰਸਤਾ ਦੱਸ ਕੇ ਲੁੱਟ ਲੈਂਦੇ ਹਨ, ਅਜ - ਕਲ ਆਗੂ ਰਾਹਾਂ ਦੇ।

•

1983 ਵਿਚ ਛਪੇ ਗ਼ਜ਼ਲ ਸੰਗ੍ਰਿਹ 'ਫੁੱਲ ਕਪਾਹਾਂ ਦੇ' ਦੀ ਟਾਈਟਲ ਗ਼ਜ਼ਲ।

•

♣

ਕਿਸੇ ਦੀ ਬੇਵਸੀ ਤੇ ਮੁਸਕਰਾਵਾਂ? ਹੋ ਨਹੀਂ ਸਕਦਾ।
ਕਿਸੇ ਦੇ ਜਜ਼ਬਿਆ ਨੂੰ ਠੇਸ ਲਾਵਾਂ? ਹੋ ਨਹੀਂ ਸਕਦਾ।

ਮੇਰੀ ਰਗ ਰਗ ’ਚ ਰਚਿਐਂ ਤੂੰ, ਮੇਰੇ ਹਰ ਸਾਹ ’ਚ ਵਸਿਐ ਤੂੰ,
ਮੇਰੇ ਸਜਣਾ! ਮੈਂ ਤੈਨੂੰ ਭੁੱਲ ਜਾਵਾਂ? ਹੋ ਨਹੀਂ ਸਕਦਾ।

ਖ਼ੁਦੀ ਛੱਡਾਂ, ਪਵਾਂ ਪੈਰੀਂ, ਕਰਾਂ ਮਿੰਨਤਾਂ, ਭਰਾਂ ਹਉਕੇ,
ਮੈਂ ਅਪਣੇ ਆਪ ਨੂੰ ਇੰਨਾ ਗਿਰਾਵਾਂ? ਹੋ ਨਹੀਂ ਸਕਦਾ।

ਤੇਰਾ ਸੱਦਾ ਤਾਂ ਮਿਲਿਆ ਹੈ, ਉਹ ਭਾਵੇਂ ਗ਼ੈਰ ਦੇ ਹੱਥੀਂ,
ਖ਼ੁਸ਼ੀ ਤੇਰੀ ’ਤੇ ਯਾਰਾ ਮੈਂ ਨਾ ਆਵਾਂ? ਹੋ ਨਹੀਂ ਸਕਦਾ।

ਤੂੰ ਮੇਰਾ ਯਾਰ ਹੈਂ, ਕੀ ਹੋ ਗਿਆ ਜੇ ਬੇਵਫ਼ਾ ਹੋਇਐਂ,
ਮੈਂ ਤੇਰੇ ਭੇਦ ਖੋਲ੍ਹਾਂ? ਗੁਣ ਛੁਪਾਵਾਂ? ਹੋ ਨਹੀਂ ਸਕਦਾ।

ਮੈਂ ਦੁਨੀਆਂ–ਭਰ ਦੀ ਤੱਪਸ਼, ਆਪ ਸਹਿ ਸਕਦਾ ਹਾਂ ਮੁਸਕਾ ਕੇ,
ਮਗਰ ਤਪਦੇ ਦਿਲਾਂ ਨੂੰ ਹੋਰ ਤਾਵਾਂ ? ਹੋ ਨਹੀਂ ਸਕਦਾ।

ਤੇਰੀ ਸਰਦਲ ਤੇ ਦਿਲ ਧਰਿਐ, ਉਠਾ ਲੈ, ਚਾਹੇ ਠੁਕਰਾ ਦੇ,
ਮਗਰ ਸਿਰ ਹੋਰ ਸਰਦਲ ’ਤੇ ਝੁਕਾਵਾਂ? ਹੋ ਨਹੀਂ ਸਕਦਾ।

•

♣

ਮੈਂ ਤੇ ਜੀਵੀ ਜਾਨਾਂ, ਅਪਣੀ ਹਿੰਮਤ, ਅਪਣੇ ਜੇਰੇ ਨਾਲ।
ਵਰਨਾ ਇਸ ਦੁਨੀਆਂ ਨੇ ਯਾਰੋ, ਕੀ ਨਹੀਂ ਕੀਤਾ ਮੇਰੇ ਨਾਲ?

ਜਿਸ ਨੇ ਦਿਲ ਦਾ ਖ਼ੂਨ ਹੈ ਪੀਤਾ, ਜਿਸਨੇ ਲੁੱਟਿਆ ਮਨ ਦਾ ਚੈਨ,
ਹੈਰਤ ਹੈ, ਦਿਲ ਰਹਿਣਾ ਲੋਚੇ, ਤਾਂ ਵੀ ਉਸੇ ਲੁਟੇਰੇ ਨਾਲ।

ਮੈਨੂੰ ਡਰ ਸੀ, ਤੇਰੇ ਪਿੱਛੋਂ, ਕੱਲ੍ਹਾ ਰਹਿ ਜਾਵਾਂਗਾ ਪਰ,
ਹੰਝੂ, ਹਉਕੇ, ਚੀਸਾਂ, ਪੀੜਾਂ, ਕਿੰਨਾ ਕੁਝ ਹੈ ਮੇਰੇ ਨਾਲ।

ਕਿੰਨੇ ਸਾਲਾਂ ਤੋਂ ਬੇਸ਼ਕ ਤੂੰ, ਆਇਆ ਨਹੀਂ ਬਨੇਰੇ 'ਤੇ,
ਫਿਰ ਵੀ ਮੇਰੀ ਨੀਝ ਹੈ ਲੱਗੀ, ਪੌੜੀ ਵਾਂਗ ਬਨੇਰੇ ਨਾਲ।

ਕੀ ਸੱਚੀ ਤੂੰ ਭੁੱਲ ਗਿਆ ਏਂ, ਜਾਂ ਤੈਨੂੰ ਨੇ ਯਾਦ ਉਵੇਂ,
ਆਏ ਦਿਨ ਜੋ ਸੌ ਸੌ ਵਾਅਦੇ, ਕੀਤੇ ਸੀ ਤੂੰ ਮੇਰੇ ਨਾਲ।

ਇਸ ਦੁਨੀਆਂ ਨੂੰ ਜੇ ਚਾਹੋ, ਤਾਂ ਦੂਰ ਸਗੋਂ ਇਹ ਭੱਜਦੀ ਹੈ,
ਲੇਕਿਨ ਜੇ ਇਸਨੂੰ ਦੁਰਕਾਰੋ, ਲਿਪਟੇ ਹੋਰ ਵਧੇਰੇ ਨਾਲ।

ਤੇਰੇ ਨਾਲ ਜੇ ਤੁਰਦੈ ਕੋਈ, ਉਸਦਾ ਕੋਈ ਮਤਲਬ ਹੈ,
ਮਤਲਬ ਨਾਲ ਇਹ ਦੁਨੀਆਂ 'ਸੈਣੀ', ਤੇਰੇ ਨਾਲ ਨਾ ਮੇਰੇ ਨਾਲ।

•

♣

ਗਿਲਾ ਚਿਹਰੇ ਤੇ, ਰੰਜਸ਼ ਮਨ 'ਚ, ਨਫ਼ਰਤ ਹੈ ਦਿਲਾਂ ਅੰਦਰ।
ਇਹ ਕਿਸਨੇ ਬੀਜ ਬੀਜੇ ਯਾਰ, ਯਾਰਾਂ-ਦੋਸਤਾਂ ਅੰਦਰ?

ਨਾ ਡਰ ਓ ਪੰਛੀਆ ਤੂੰ! ਬੈਠ ਅਪਣੇ ਆਸ਼ੀਆਂ ਅੰਦਰ।
ਕਿ ਦਮ ਭਰ ਦਾ ਹੀ ਦਮ ਹੁੰਦਾ ਹੈ, ਇਹਨਾਂ ਬਿਜਲੀਆਂ ਅੰਦਰ।

ਹਨੇਰਾ ਹੋਣ ਤੋਂ ਪਹਿਲਾਂ, ਦਰਾਂ ਨੂੰ ਭੇੜ ਲੈਂਦੇ ਹਾਂ,
ਇਹ ਕੈਸਾ ਖੌਫ਼ ਛਾਇਆ ਹੈ, ਘਰਾਂ ਅੰਦਰ, ਦਰਾਂ ਅੰਦਰ?

ਤੁਸੀਂ ਪੜ੍ਹਨੈ ਜੇ ਮਨ ਸਾਡਾ, ਜੇ ਤਕਣੀ ਦਿਲਬਰੀ ਸਾਡੀ,
ਤਾਂ ਸਾਡਾ ਜ਼ਿਕਰ ਕਿਧਰੇ ਛੇੜ ਵੇਖੋ ਮਹਿਫ਼ਲਾਂ ਅੰਦਰ।

ਕਿਸੇ ਦੀ ਬੇਰੁਖ਼ੀ ਐਵੇਂ ਦਿਲਾ! ਨਾ ਲਾ ਤੂੰ ਅਪਣੇ'ਤੇ,
ਕਿ ਬੰਦਾ ਪਰਖਿਆ ਜਾਂਦੈ, ਹਮੇਸ਼ਾ ਮੁਸ਼ਕਿਲਾਂ ਅੰਦਰ।

ਕਦੇ ਵੀ ਰੁਖ਼ ਨਹੀਂ ਉਹ ਵੇਖਦੇ, ਮਾਰੂ ਹਵਾਵਾਂ ਦਾ,
ਬਹਾਦੁਰ ਲੰਘਦੇ, ਤੂਫ਼ਾਨ ਪਾਕੇ, ਕਿਸ਼ਤੀਆਂ ਅੰਦਰ।

ਉਨੂੰ ਕਿਉਂ ਦਿਲ ਨਾ ਮੈਂ ਦੇਵਾਂ? ਉਨੂੰ ਕਿਉਂ ਜਾਨ ਨਾ ਦੇਵਾਂ?
ਜੋ ਮੇਰਾ ਹੋ ਗਿਆ ਯਾਰੋ? ਪਲਾਂ ਅੰਦਰ, ਛਿਣਾਂ ਅੰਦਰ।

ਜ਼ਰਾ ਮੁਸ਼ਕਿਲ ਵੀ ਹੁੰਦੀ ਹੈ ਤੇ ਹੁੰਦੈ ਨਾਜ਼ ਵੀ 'ਸੈਣੀ',
ਰਹੇ ਜੋ ਬੰਦਸ਼ਾਂ ਅੰਦਰ, ਕਹੇ ਜੋ ਬੰਦਸ਼ਾਂ ਅੰਦਰ।

•

♣

ਬਰਫ਼ ਦੀ ਠੰਡਕ ਨਾ ਵੇਖੀਂ, ਬਰਫ਼ ਦੀ ਤਾਸੀਰ ਵੇਖ।
ਹੁਸਨ ਦਾ ਜਲਵਾ ਜੇ ਤੱਕਣਾ, ਦਿਲ 'ਚ ਖੁੱਭਾ ਤੀਰ ਵੇਖ।

ਕਿੰਨੇ ਗ਼ਮ ਨੇ, ਦਰਦ ਕਿੰਨੇ, ਤੋਹਮਤਾਂ, ਲਾਚਾਰੀਆਂ,
ਵੇਖ, ਕਿੰਨੀਆਂ ਹੀ ਬਲਾਵਾਂ ਵਿਚ ਘਿਰੀ ਤਕਦੀਰ ਵੇਖ।

ਦਿਲ ਦਿਆਂ ਜ਼ਖ਼ਮਾਂ 'ਤੇ ਤੂੰ ਨਾ ਲੂਣ ਪਾ, ਚੋਭਾਂ ਨਾ ਲਾ,
ਪਿਆਰ ਜੇ ਤੱਕਣੈ ਮੇਰਾ ਤਾਂ ਦਿਲ ਨੂੰ ਗੱਭਿਉਂ ਚੀਰ ਵੇਖ।

ਜ਼ਿੰਦਗੀ ਦੇ ਸੁਖ ਭਲਾ ਕੀ ਘੱਟ ਸਨ 'ਸੈਦੇ' ਦੇ ਘਰ,
'ਰਾਂਝਣੇ' ਬਿਨ ਤੜਫਦੀ ਮਛਲੀ ਬਣੀ ਕਿਉਂ 'ਹੀਰ' ਵੇਖ।

ਇਹ ਦਿਸੇ ਰਬ ਦਾ ਕ੍ਰਿਸ਼ਮਾ, ਜਾਂ ਕੋਈ ਜਾਦੂਗਿਰੀ,
ਅੱਖੀਆਂ 'ਚੋਂ ਨਿਕਲਦਾ ਜੋ ਬੇਮੁਹਾਰਾ ਨੀਰ ਵੇਖ।

ਗ਼ਮ ਮੇਰੇ, ਦੁਖ ਦਰਦ ਮੇਰੇ, ਤੜਪ ਤੇ ਅੱਥਰੂ ਮੇਰੇ,
ਯਾਰ 'ਸੈਣੀ' ਇਹ ਹੈ ਮੇਰੇ ਪਿਆਰ ਦੀ ਜਾਗੀਰ ਵੇਖ।

'ਫ਼ਾਇਲਤੁਨ' ਤਿੰਨ ਤੇ ਇਕ 'ਫ਼ਾਇਲੁਨ' ਵੀ ਨਾਲ ਹੈ,
'ਰਮਲ' ਦਾ ਇਹ ਵਜ਼ਨ 'ਸੈਣੀ' ਵੇਖ, ਐ 'ਬਲਬੀਰ' ਵੇਖ!

•

♣

ਨਾ ਚਾਹੁੰਦੇ ਵੀ ਅਜ ਮੈਂ ਤੇਰੇ, ਸਾਰੇ ਖ਼ਤ ਜਲਾ ਦਿੱਤੇ ਨੇ।
ਤੇਰੀਆਂ ਯਾਦਾਂ ਨਾਲ ਜੁੜੇ ਸੀ, ਜੋ ਵੀ ਨਕਸ਼ ਮਿਟਾ ਦਿੱਤੇ ਨੇ।

ਇਕ ਦੂਜੇ ਬਿਨ ਹੋਰ ਕਿਸੇ ਨੂੰ ਨਾ ਪਿਆਰਨ ਦੇ ਵਾਅਦੇ ਸਭ,
ਮੈਨੂੰ ਤਾਂ ਚੇਤੇ ਨੇ ਹੁਣ ਵੀ, ਤੂੰ ਹੀ ਦਿਲੋਂ ਭੁਲਾ ਦਿੱਤੇ ਨੇ।

ਤੇਰੇ ਹੁੰਦਿਆਂ ਉਹ ਜੋ ਦਿਲ ਵਿਚ, ਇਕ ਤੂਫ਼ਾਨ ਉਠਾ ਦਿੰਦੇ ਸੀ,
ਤੇਰੇ ਪਿੱਛੋਂ ਉਹ ਸਭ ਜਜ਼ਬੇ, ਗੂਹੜੀ ਨੀਂਦ ਸੁਲਾ ਦਿੱਤੇ ਨੇ।

ਅਪਣੀਆਂ ਸਾਰੀਆਂ ਸਧਰਾਂ-ਸਿੱਕਾਂ, ਆਪਣੇ ਸਾਰੇ ਚਾਵਾਂ ਨੂੰ ਮੈਂ,
ਅਪਣੇ ਦਿਲ ਦੀ ਚਿਖ਼ਾ ਤੇ ਰੱਖਕੇ, ਆਪੇ ਲਾਂਬੂ ਲਾ ਦਿੱਤੇ ਨੇ।

ਮੇਰੀ ਪੁਸਤਕ ਵਿੱਚੋਂ ਤੇਰੀ, ਇਕ ਫ਼ੋਟੋ ਨੇ ਬਾਹਰ ਨਿਕਲ ਕੇ,
ਜ਼ਖ਼ਮ ਪੁਰਾਣੇ ਛਿਲ ਦਿੱਤੇ ਨੇ, ਸੁੱਤੇ ਦਰਦ ਜਗਾ ਦਿੱਤੇ ਨੇ।

ਹਉਕੇ ਭਰਦਿਆਂ ਲਿਖੇ ਤੂੰ ਜਿਹੜੇ, ਅਥਰੂ ਡੋਲ੍ਹਦਿਆਂ ਮੈਂ ਵਾਚੇ,
ਉਹ ਪਿਆਰਾਂ ਦੇ ਮੋਤੀ 'ਸੈਣੀ', ਮੈਂ ਅਣਭੋਲ ਗੁਆ ਦਿੱਤੇ ਨੇ।

•

♣

ਤੇਰੇ ਖ਼ਤ ਲੈ ਕੇ ਬਹਿ ਜਾਵਾਂ, ਜਦ ਮੈਂ ਕੱਲਾ ਹੁੰਦਾ ਹਾਂ।
ਚੁੰਮਾਂ, ਸੀਨੇ ਨਾਲ ਲਗਾਵਾਂ, ਜਦ ਮੈਂ ਕੱਲਾ ਹੁੰਦਾ ਹਾਂ।

ਲਗਦੈ ਮੇਰੀ ਬਗਲ ’ਚ ਜਿੱਦਾਂ ਤੂੰ ਬੈਠੀ ਗੱਲ ਕਰਦੀ ਏਂ,
ਮੈਂ ਹੁੰਗਾਰਾ ਭਰਦਾ ਜਾਵਾਂ, ਜਦ ਮੈਂ ਕੱਲਾ ਹੁੰਦਾ ਹਾਂ।

ਖ਼ਵਰੇ ਕਿੱਦਾਂ ਲੋਕ ਨੇ ਭੁਲਦੇ, ਕੀਤੇ ਵਾਅਦੇ, ਕਸਮਾਂ ਨੂੰ,
ਮੈਂ ਵੀ ਇਹ ਸੋਚਣ ਬਹਿ ਜਾਵਾਂ, ਜਦ ਮੈਂ ਕੱਲਾ ਹੁੰਦਾ ਹਾਂ।

ਚੇਤੇ ਕਰ ਕਰ ਤੇਰੀਆਂ ਗੱਲਾਂ, ਤੇਰੇ ਨੈਣਾਂ-ਨਕਸ਼ਾਂ ਨੂੰ,
ਮੈਂ ਅਸਮਾਨੀ ਉਡ ਉਡ ਜਾਵਾਂ, ਜਦ ਮੈਂ ਕੱਲਾ ਹੁੰਦਾ ਹਾਂ।

ਜਿਹੜੇ ਥਾਈਂ ਬਹਿ ਕੇ ਆਪਾਂ, ਗੱਲਾਂ ਵਿਚ ਖੋ ਜਾਂਦੇ ਸਾਂ,
ਚੁੰਮੀ ਜਾਵਾਂ ਉਹੀਓ ਥਾਵਾਂ, ਜਦ ਮੈਂ ਕੱਲਾ ਹੁੰਦਾ ਹਾਂ।

ਮੈਥੋਂ ਲਾਂਭੇ ਹੋਕੇ ਤਾਂ ਉਹ, ਰਹਿ ਸਕਦੀ ਨਾ ਜੀ ਸਕਦੀ,
ਝੱਲੇ ਦਿਲ ਨੂੰ ਇਉਂ ਪਰਚਾਵਾਂ, ਜਦ ਮੈਂ ਕੱਲਾ ਹੁੰਦਾ ਹਾਂ।

ਅਪਣੀ ਪੁਸਤਕ ਦੇ ਵਿਚ ‘ਸੈਣੀ’, ਰਖਕੇ ਤੇਰੀ ਫੋਟੋ ਮੈਂ,
ਪੜ੍ਹਨ ਬਹਾਨੇ ਵੇਖੀ ਜਾਵਾਂ, ਜਦ ਮੈਂ ਕੱਲਾ ਹੁੰਦਾ ਹਾਂ।

•

♣

ਕਿਸੇ ’ਤੇ ਜਾਨ ਕੀ ਦਈਏ, ਕਿਸੇ ਨੂੰ ਪਿਆਰ ਕੀ ਕਰੀਏ?
ਮੁਹੱਬਤ ਹੈ ਨਿਰਾ ਧੋਖਾ, ਮੁਹੱਬਤ ਯਾਰ, ਕੀ ਕਰੀਏ?

ਤੜਫਣਾ, ਚੈਨ ਨਾ ਆਉਣਾ, ਪਲੋ-ਪਲ ਯਾਦ ਵਿਚ ਮਰਨਾ,
ਮੇਰੇ ਦਿਲ ’ਤੇ ਹੈ ਸੋਚਾਂ ਦਾ ਬੜਾ ਹੀ ਭਾਰ, ਕੀ ਕਰੀਏ?

ਪਤਾ ਸੀ ਬੇਵਫ਼ਾ ਹੈ ਉਹ, ਸਦਾ ਧੋਖੇ ’ਚ ਰਖਦੈ ਪਰ,
ਦਿਲੋਂ ਮਜਬੂਰ ਸਾਂ, ਕਰਨਾ ਪਿਆ ਇਤਬਾਰ, ਕੀ ਕਰੀਏ?

ਖ਼ਤਾ ਕੀਤੀ ਨਹੀਂ, ਤਾਂ ਵੀ ਮੁਆਫ਼ੀ ਮੰਗ ਲਈ ਮੈਂ ਤਾਂ,
ਅਜੇ ਵੀ ਮੂੰਹ-ਫੁਲਾਈ ਫਿਰ ਰਿਹੈ ਦਿਲਦਾਰ, ਕੀ ਕਰੀਏ?

ਝੁਕਾਉਣਾ ਯਾਰ ਦੇ ਪੈਰਾਂ ’ਤੇ ਸਿਰ, ਦਸਤੂਰੇ-ਉਲਫ਼ਤ ਸੀ,
ਅਸੀਂ ਮੌਕਾ ਗੁਆ ਬੈਠੇ, ਬਣੇ ਖ਼ੁੱਦਾਰ, ਕੀ ਕਰੀਏ?

ਹਰਿੱਕ ਪੁਸਤਕ ਦੇ ਹਰ ਪੰਨੇ ’ਤੇ ਜੋ ਉਸ ਲਿਖਿਆ ਏ ‘ਸੈਣੀ’
ਖ਼ਤਾ ਇਹ ਮੈਂ ਵੀ ਕੀਤੀ ਹੈ, ਹਜ਼ਾਰਾਂ ਵਾਰ, ਕੀ ਕਰੀਏ?

•

♣

ਉਹ ਚਾਤਰ ਬੰਦੇ ਤੁਰ ਗਏ ਜਦ, ਇਹ ਬਸਤੀ ਛੱਡ ਖਿਜ਼ਾਵਾਂ ਵਿਚ।
ਉਲੂੱਆਂ ਨੇ ਡੇਰੇ ਲਾ ਲਏ ਤਦ, ਵੀਰਾਨ ਉਜੜੀਆਂ ਥਾਵਾਂ ਵਿਚ।

ਸੋਚਾਂ ਵਿਚ ਸਮਾਂ ਲੰਘਾਓ ਨਾ, ਇਸ ਗੱਲ ਨੂੰ ਯਾਦ ਕਰੋ ਯਾਰੋ,
ਕਿ ਕਤਰਾ ਕਤਰਾ ਪਾਣੀ ਦਾ ਮਿਲ, ਵਟ ਜਾਂਦੈ ਦਰਿਆਵਾਂ ਵਿਚ।

ਆਓ ਸਭ ’ਕੱਠੇ ਹੋ ਜਾਓ, ਅਜ ਸਮਾਂ ਇਹੋ ਮੰਗ ਕਰਦਾ ਏ,
ਉਹ ਦੁਸ਼ਮਨ ਦੱਸੋ ਕਿੱਦਾਂ ਨੇ, ਜੇ ਫ਼ਰਕ ਹੈ ਕੇਵਲ ਰਾਵਾਂ ਵਿਚ?

ਕੀ ਨੱਕ ਘਸਾ ਕੇ ਮਿਲਣਾ ਏ? ਕੀ ਮਿਲਣਾ ਮਿੰਨਤਾਂ ਕਰ ਕਰ ਕੇ,
ਜੇ ਭੁੱਖ ਹੈ ਜ਼ੋਰੀਂ ਖਾ ਜਾਓ, ਕੀ ਧਰਿਐ ਯਾਰ, ਦੁਆਵਾਂ ਵਿਚ?

ਭੁੱਖ ਦੀ ਮਾਰੀ ਇਸ ਦੁਨੀਆਂ ਨੂੰ, ਮੈਂ ਜਦੋਂ ਵਿਲਕਦੇ ਤਕਦਾ ਹਾਂ,
ਤਾਂ ਦਰਦ ਸੁਭਾਵਿਕ ਆ ਜਾਂਦਾ ਹੈ, ਗ਼ਜ਼ਲਾਂ ਤੇ ਕਵਿਤਾਵਾਂ ਵਿਚ।

ਸਾਡਾ ਖ਼ੂਨ ਹੀ ਚਿੱਟਾ ਹੋ ਗਿਆ ਏ, ਅਸੀਂ ਕੁਝ ਵੀ ਕਰਨ ਦੇ ਯੋਗ ਨਹੀਂ,
ਜੇ ਕਾਂ ਮਰ ਜਾਏ ਤਾਂ ਮਚ ਜਾਂਦੀ ਹੈ, ਕਾਵਾਂ-ਰੌਲੀ, ਕਾਵਾਂ ਵਿਚ।

ਘੁਟ ਘੁਟ ਕੇ ਜੀਣਾ ਕੀ ਜੀਣਾ, ਇਸ ਨਾਲੋਂ ਮਰਨਾ ਬੇਹਤਰ ਹੈ,
ਜੀਣੈ ਤਾਂ ਮਰਦਾਂ ਵਾਂਗ ਜੀਓ, ਕੇਰੋ ਇਹ ਰਾਗ ਹਵਾਵਾਂ ਵਿਚ।

•

♣

ਜਿਨ੍ਹਾਂ ਨੇ ਉਡਣਾ ਹੁੰਦੈ, ਹਵਾ ਨਹੀਂ ਵੇਖਿਆ ਕਰਦੇ।
ਜੋ ਸੂਰਜ ਵਾਂਗ ਚੜ੍ਹਦੇ ਨੇ, ਘਟਾ ਨਹੀਂ ਵੇਖਿਆ ਕਰਦੇ।

ਸਜ਼ਾ ਦਾ ਡਰ ਹੈ ਉਹਨਾਂ ਨੂੰ ਹੀ ਡਰਦੇ ਮਰਨ ਤੋਂ ਜੋ ਵੀ,
ਮਨਾਂ ਵਿਚ ਮਰਨ ਜੋ ਮਿਥੱਣ, ਸਜ਼ਾ ਨਹੀਂ ਵੇਖਿਆ ਕਰਦੇ।

ਜਿਨ੍ਹਾਂ ਦਾ ਹੱਕ ਹੁੰਦਾ ਹੈ, ਉਹ ਲੈ ਲੈਂਦੇ ਨੇ ਹਿੰਮਤ ਥੀਂ,
ਝੁਕਾ ਕੇ ਸਿਰ ਉਹ ਮੁਨਸਿਫ਼ ਦੀ, ਰਜ਼ਾ ਨਹੀਂ ਵੇਖਿਆ ਕਰਦੇ।

ਮੁਹੱਬਤ ਕਰਨ ਵਾਲੇ ਤਾਂ, ਜ਼ਫਾ ਨੂੰ ਵੀ ਵਫ਼ਾ ਸਮਝਣ,
ਉਹ ਸੱਜਣ ਦੀ ਵਫ਼ਾ 'ਚੋਂ ਵੀ ਜ਼ਫ਼ਾ ਨਹੀਂ ਵੇਖਿਆ ਕਰਦੇ।

ਉਹ ਨੱਕ ਦੀ ਸੇਧ 'ਤੇ ਤੁਰਦੇ ਨੇ ਮੰਜ਼ਿਲ ਵਲ, ਬਿਨਾ ਰੁਕਿਆਂ,
ਜਿਨ੍ਹਾਂ ਮੰਜ਼ਿਲ ਤੇ ਜਾਣੈ, ਰਾਸਤਾ ਨਹੀਂ ਵੇਖਿਆ ਕਰਦੇ।

ਦਿਲਾਂ ਦੇ ਸੌਦੇ ਕਰ ਲੈਂਦੇ ਨੇ ਜੋ ਪਹਿਲੀ ਨਜ਼ਰ ਵਿਚ ਹੀ,
ਉਹ ਬਣਕੇ ਬਾਣੀਏ, ਖੋਟਾ-ਖਰਾ ਨਹੀਂ ਵੇਖਿਆ ਕਰਦੇ।

ਜਿਨ੍ਹਾਂ ਨੇ ਯਾਰ ਦੀ ਬੁੱਕਲ ਦਾ ਨਿਘ ਲੈਣਾਂ ਹੈ ਐ 'ਸੈਣੀ',
ਉਹ ਚਿੱਕੜ ਗਲੀਆਂ ਦਾ, ਵਰ੍ਹਦੀ ਘਟਾ ਨਹੀਂ ਵੇਖਿਆ ਕਰਦੇ।

•

♣

(ਬਲਬੀਰ ਸਿੰਘ ਸੈਣ ਅਤੇ ਅਮਰਜੀਤ ਸਿੰਘ ਸੰਧੂ ਦੀ ਸਾਂਝੀ ਗ਼ਜ਼ਲ)

ਇਉਂ ਭਰਕੇ ਹੰਝੂ ਅੱਖਾਂ ਵਿਚ ਹੁਣ ਸੱਚ ਛੁਪਾਇਆ ਜਾਣਾ ਨਹੀਂ।
ਪੁਟਿਆ ਜੋ ਕਦਮ ਤੂੰ ਅੱਗੇ ਉਹ, ਪਿੱਛੇ ਪਰਤਾਇਆ ਜਾਣਾ ਨਹੀਂ।

ਤੂੰ ਸੁਣ ਸੁਣ ਕੇ ਖਿਝ ਪੈਂਦੀ ਸੀ, ਰੋ ਪੈਂਦੀ ਸੀ, ਤੁਰ ਪੈਂਦੀ ਸੀ,
ਜਦ ਮੈਂ ਕਹਿੰਦਾ ਸਾਂ ਤੇਰੇ ਤੋਂ ਇਹ ਪਿਆਰ ਪੁਗਾਇਆ ਜਾਣਾ ਨਹੀਂ।

ਤੇਰੇ ਕੰਨੀਂ ਝੁਮਕੇ ਸੋਨੇ ਦੇ, ਮੇਰੇ ਬੱਲ੍ਹੀਂ ਤਾਲੇ ਫ਼ਰਜਾਂ ਦੇ,
ਮੇਰੇ ਦਿਲ ਦਾ ਦਰਦ ਤੂੰ ਸੁਣਨਾ ਨਹੀਂ, ਮੇਰੇ ਤੋਂ ਸੁਣਾਇਆ ਜਾਣਾ ਨਹੀਂ।

ਜੇ ਸੁਰਮਾ ਬਣ ਕੇ ਵੀ ਸਜਨੀ, ਮੈਂ ਤੇਰੇ ਨੈਣੀਂ ਪੈ ਜਾਵਾਂ,
ਤੂੰ ਉਹ ਵੀ ਰੋ ਕੇ ਕਢ ਦੇਣਾ, ਤੈਥੋਂ ਮਟਕਾਇਆ ਜਾਣਾ ਨਹੀਂ।

ਤੂੰ ਜੋ ਜੋ ਕਿਹਾ, ਮੈਂ ਜੋ ਸੁਣਿਆ, ਜੇਕਰ ਦੁਹਰਾਣਾ ਚਾਹਾਂ ਵੀ,
ਤੈਥੋਂ ਉਹ ਸੁਣਿਆਂ ਜਾਣਾ ਨਹੀਂ, ਮੈਥੋਂ ਦੁਹਰਾਇਆ ਜਾਣਾ ਨਹੀਂ।

ਐ 'ਸੈਣੀ' ਸਾਡੇ ਵਿਛੜਣ ਦੇ, ਏਦਾਂ ਹੀ ਬਹਾਨੇ ਬਣਨੇ ਸਨ,
ਗਲ ਸਾਰੀ ਸਮਝ ਕੇ ਵੀ ਲੇਕਿਨ, ਦਿਲ ਨੂੰ ਸਮਝਾਇਆ ਜਾਣਾ ਨਹੀਂ।

•

♣

ਕਹਿਣੇ ਨੂੰ ਹਰ ਬੰਦਾ ਅੱਜ ਸੁਤੰਤਰ ਹੈ।
ਪਰ ਸੁੰਘੜਦੀ ਜਾਂਦੀ, ਜੀਵਨ-ਬਣਤਰ ਹੈ।

ਹਰ ਲੀਡਰ ਹੀ ਕਰਦੈ ਗੱਲ ਗਰੀਬਾਂ ਦੀ,
ਹਰ ਲੀਡਰ ਨੇ ਰਚਿਆ ਇਹ ਖੜਯੰਤਰ ਹੈ।

ਸੈਆਂ ਰੋਗਾਂ ਦਾ ਰੋਗੀ ਏ ਹਰ ਬੰਦਾ,
ਅਪਣੇ ਆਪ ’ਚ ਐਪਰ ਵੈਦ-ਧਨੰਤਰ ਹੈ।

ਅਪਣੇ ਘਰ ਲੱਗੀ ਅੱਗ ਹੀ ਅੱਗ ਹੁੰਦੀ ਏ,
ਹੋਰਾਂ ਦੇ ਘਰ ਲੱਗੀ ਅੱਗ ਬਸੰਤਰ ਹੈ।

ਆਜ਼ਾਦੀ ਲਈ ਜੋ ਸੁਣਿਆ ਸੀ, ਪਾਇਆ ਨਹੀਂ,
ਸੁਣਨ ਅਤੇ ਵੇਖਣ ਵਿਚ ਕਿੰਨਾ ਅੰਤਰ ਹੈ?

ਅੰਕੜਿਆਂ ਵਿਚ ਰੋਜ਼ ਵਧੇ ਉਤਪਾਦਨ ਪਰ,
ਲੋਕਾਂ ਅੰਦਰ ਵਧ ਰਹੀ ਭੁਖ ਨਿਰੰਤਰ ਹੈ।

ਹਰ ਕਾਨੂੰਨ ਹੀ ਘੁੱਟਦਾ ਹੈ ਪਰਜਾ ਦਾ ਗ਼ਲ,
ਆਖਣ ਨੂੰ ‘ਸੈਣੀ’ ਇਹ ਪਰਜਾ-ਤੰਤਰ ਹੈ।

•

♣

ਕਦੇ ਖਿਝ ਕੇ ਗੁਜ਼ਰ ਜਾਣਾ, ਕਦੇ ਚਿੜ ਕੇ ਗੁਜ਼ਰ ਜਾਣਾ।
ਭਲਾ ਯਾਰਾ! ਕਦੇ ਇਉਂ ਵੀ, ਮੁਹੱਬਤ ਦਾ ਅਸਰ ਜਾਣਾ?

ਮੇਰੀ ਆਦਤ– ਸਦਾ ਵਿਸ਼ਵਾਸ ਕਰਨਾ, ਤੇਰੇ ਵਾਅਦੇ ਤੇ,
ਤੇਰੀ ਆਦਤ– ਸਦਾ ਹੀ ਵਾਅਦਾ ਕਰਨਾ ਤੇ ਮੁਕਰ ਜਾਣਾ।

ਕਿਸੇ ਦੇ ਪਿਆਰ ਦਾ, ਦਿਲ ਵਿਚ ਉਤਰ ਜਾਣਾ – ਬੜਾ ਚੰਗੈ,
ਬੜਾ ਮਾੜੈ– ਕਿਸੇ ਦੇ ਪਿਆਰ ਦਾ, ਦਿਲ ਤੋਂ ਉਤਰ ਜਾਣਾ।

ਕਦੇ ਚੰਨ ਚਾਰ ਲਾ ਦੇਵੇ, ਕਦੇ ਫੂਹੜੀ ਵਿਛਾ ਦੇਵੇ,
ਸਦਾ ਨਾ ਅਰਥ ਇਕ ਰੱਖੇ, ਇਹ ਜ਼ੁਲਫ਼ਾਂ ਦਾ ਬਿਖਰ ਜਾਣਾ।

ਮੇਰੇ ਮਹਿਬੂਬ ਆ ਜਾਵੇਂ ਜੇ ਮਿਹਰਾਂ ਦੀ ਨਜ਼ਰ ਕਰਕੇ,
ਮੇਰੇ ਭਾਗਾਂ ਚਮਕ ਪੈਣਾ, ਮੇਰੀ ਕਿਸਮਤ! ਸੰਵਰ ਜਾਣਾ।

ਨਾ ਕਰ ਤੌਹੀਨ ਮਹਿਫ਼ਿਲ ਦੀ, ਇਹ 'ਸੈਣੀ' ਜਾਨ ਹੈ ਸਾਡੀ,
ਨਹੀਂ ਚੰਗਾ ਭਰੀ ਮਹਿਫ਼ਲ 'ਚੋਂ ਉਠਕੇ, ਇਸ ਕਦਰ ਜਾਣਾ।

•

♣

ਅਜ ਨਹੀਂ ਤਾ ਹੋਏਗਾ ਸਾਡਾ ਜ਼ਮਾਨਾ ਭਲਕ ਨੂੰ।
ਦਸ ਦਿਆਂਗੇ ਰਹਿਬਰਾਂ ਨੂੰ, ਠੀਕ ਰਸਤਾ ਭਲਕ ਨੂੰ।

ਜ਼ੁਲਮ ਦੀ ਛਾਤੀ 'ਚ, ਖੰਜਰ ਖੋਭ, ਲੋਕਾਂ ਆਖਣੈਂ,
ਉਠ ਖੜੇ ਹਾਂ ਆਪਾਂ ਹੁਣ, ਤਕਣਾ ਕਰਿਸ਼ਮਾ ਭਲਕ ਨੂੰ।

ਜੇ ਨਹੀਂ ਕਾਨੂੰਨ ਸਾਡੇ ਹਕ 'ਚ ਅਜ ਤਾਂ ਨਾ ਸਹੀ,
ਏਸ ਦੀ ਵੀ ਬਦਲ ਦਾਂਗੇ, ਰੂਪ-ਰੇਖਾ ਭਲਕ ਨੂੰ।

ਸੋਚ, ਹਰਨਾਕਸ਼ ਤਰ੍ਹਾਂ, ਪੂਜਾ ਕਰਾਵਣ ਵਾਲਿਆ,
ਵਕਤ ਬਦਲਣ ਤੇ ਕਰੂਗਾ, ਕੌਣ ਪੂਜਾ ਭਲਕ ਨੂੰ?

ਪਿੱਟਦੈਂ ਤੂੰ ਦਿਨ-ਬ-ਦਿਨ, ਜਿਸਦਾ ਢੰਡੋਰਾ ਦੋਸਤਾ,
ਲੋਕ ਉਸਨੂੰ ਕਹਿਣਗੇ, ਸਸਤਾ ਤਮਾਸ਼ਾ ਭਲਕ ਨੂੰ।

ਖੋਲ੍ਹ ਕੇ ਦੱਸੂੰ ਜਦੋਂ ਮੈਂ, ਜ਼ੁਲਮ ਤੇਰੇ ਕੀ ਕਥਾ,
ਟੁੱਟ ਜਾਊ 'ਸੈਣੀਆਂ' ਸਭ ਭਰਮ ਤੇਰਾ ਭਲਕ ਨੂੰ।

•

♣

ਏਸ ਤਪਸ਼ ਦੇ ਯੁੱਗ 'ਚ ਕਿੱਥੋਂ ਲੱਭੀਏ ਠੰਡੀਆਂ ਛਾਵਾਂ।
ਹਰ ਪਾਸੇ ਹੀ ਅੱਗ ਵਰ੍ਹਦੀ ਏ, ਛੱਡਣ ਸੇਕ ਹਵਾਵਾਂ।

ਉਹ ਕਿਹੜਾ ਰਸਤਾ ਹੈ ਜਿੱਥੇ, ਲੁਟ ਨਹੀਂ ਹੁੰਦੇ ਪਾਂਧੀ।
ਉਹ ਕਿਹੜੀ ਨਗਰੀ ਹੈ ਜਿੱਥੇ, ਮਕਤਲ ਨਹੀਂ ਸਰਾਵਾਂ?

ਧਰਤੀ ਡੋਲੀ, ਅੰਬਰ ਕੰਬਿਆ, ਰਿਸ਼ਤੇ ਨਾਤੇ ਰੋਏ,
ਜਦ ਮਾਂ-ਜਾਏ ਵੀਰ ਦੀ ਗਰਦਨ, ਵੱਢੀ ਆਪ ਭਰਾਵਾਂ।

ਇਹ ਤਾਂ ਸੋਚੋ ਮਾਣ ਮਿਲੂਗਾ ਕੀ ਉਸ ਘਰ ਨੂੰ ਬਾਹਰੋਂ?
ਜਿਹੜੇ ਘਰ ਦੇ ਚਹੁੰ ਜੀਆਂ ਦੀਆਂ, ਵੱਖੋ ਵਖ ਨੇ ਰਾਵਾਂ।

ਲੰਮੀਆਂ ਵਾਟਾਂ, ਬਿਖੜੇ ਪੈਂਡੇ, ਉਸ ਉੱਤੇ ਵੀ ਪਹਿਰੇ,
ਤੂਹੀਉਂ ਦੱਸ ਓ ਰੁੱਸੇ ਸਜਣਾ! ਆਵਾਂ ਤਾਂ ਕਿੰਜ ਆਵਾਂ?

ਅਪਣੇ ਲੋਕ ਨੇ, ਅਪਣੀ ਬਸਤੀ, ਅਪਣਾ ਚਾਰ-ਚੁਫੇਰਾ,
ਤਾਂ ਵੀ 'ਸੈਣੀ' ਕੱਲ-ਮ-ਕੱਲਾ, ਤੁਰਿਆ ਫਿਰੇ ਨਿਥਾਵਾਂ।

•

♣

ਸੱਚੇ ਤੇ ਕੌੜ ਕਸੈਲੇ ਜਿਹੇ, ਅਜ-ਕਲ੍ਹ ਖ਼ਿਆਲਾਤ ਦਾ ਕੀ ਮਤਲਬ?
ਇਹ ਦੁਨੀਆਂਦਾਰੀ ਹੈ ਸਜਣਾ! ਇਸ ਵਿਚ ਜਜ਼ਬਾਤ ਦਾ ਕੀ ਮਤਲਬ?

ਜਦ ਪਿਆਰ ਦੀ ਕੋਈ ਉਮਰ ਨਹੀਂ, ਕੋਈ ਵਕਤ ਨਹੀਂ, ਕੋਈ ਰੰਗ ਨਹੀਂ,
ਤਾਂ ਪਿਆਰ 'ਚ ਧਰਮ ਦੇ ਕੀ ਮਾਅਨੇ, ਤੇ ਪਿਆਰ 'ਚ ਜਾਤ ਦਾ ਕੀ ਮਤਲਬ?

ਮੈਂ ਜਾਣਦਾਂ ਤੂੰ ਕਿਉਂ ਆਇਆ ਏਂ, ਕਿਸ ਗੱਲੋਂ ਲਿਪ-ਲਿਪ ਕਰਦਾ ਏਂ,
ਤੂੰ ਮਤਲਬ ਕਢ ਕੇ ਤੁਰਦਾ ਹੋ, ਬੇਮਤਲਬ ਬਾਤ ਦਾ ਕੀ ਮਤਲਬ?

ਜੋ ਮੈਥੋਂ ਸਰਿਆ ਕਰ ਦਿੱਤਾ, ਜੋ ਤੈਥੋਂ ਸਰਦਾ ਤੂੰ ਕਰ ਲੈ,
ਇਸਦੇ ਵਿਚ ਧੌਂਸ ਦੀ ਕੀ ਗੱਲ ਹੈ? ਇਸ ਵਿਚ ਔਕਾਤ ਦਾ ਕੀ ਮਤਲਬ?

ਜਿਸ ਯਾਰ ਦੇ ਲੇਖੇ ਲੱਗਣਾ ਹੈ, ਉਹ ਲੇਖੇ ਜੋਖੇ ਨਹੀਂ ਕਰਦਾ,
ਉਸ ਨੂੰ ਦਿਨ-ਰਾਤ ਦੀ ਕੀ ਚਿੰਤਾ? ਆਥਣ ਪ੍ਰਭਾਤ ਦਾ ਕੀ ਮਤਲਬ?

♣

ਚੇਤੇ ਵੀ ਕੀ ਰੱਖੀਏ, ਵਿਛੜੇ ਯਾਰਾਂ ਦੇ ਸਰਨਾਵੇਂ।
ਦਿਲ ਤੇ ਚੜ੍ਹ ਬਹਿੰਦੇ ਨੇ, ਟੁੱਟੀਆਂ ਬਾਹਾਂ ਦੇ ਸਰਨਾਵੇਂ।

ਕਲਮੀ ਸਾਂਝ ਲਈ ਜਦ ਛਾਪੇ, ਸਰਨਾਵੇਂ ਅਖ਼ਬਾਰਾਂ,
ਮੈਂ ਉਹਨਾਂ 'ਚੋਂ ਲੱਭੇ ਅਕਸਰ, ਕੁੜੀਆਂ ਦੇ ਸਰਨਾਵੇਂ।

ਜਾਂ ਤਾਂ ਜੋਗਣ ਦੱਸ ਸਕਦੀ ਹੈ, ਜਾਂ ਬਿਰਹਨ ਨੂੰ ਪੁੱਛੋ,
ਕੋਇਲਾਂ ਦੇ ਸਰਨਾਵੇਂ, ਕਾਲੇ ਕਾਵਾਂ ਦੇ ਸਰਨਾਵੇਂ।

ਕਿੱਥੇ ਰੈਣ-ਬਸੇਰਾ ਕਰੀਏ, ਕਿਹੜੇ ਪਾਸੇ ਜਾਈਏ,
ਥਾਓਂ-ਥਾਈਂ ਮਾਸ ਖਾਣੀਆਂ, ਗਿਰਝਾਂ ਦੇ ਸਰਨਾਵੇਂ।

ਨਾ ਪਿੱਪਲ, ਨਾ ਸੱਥਾਂ ਰਹੀਆਂ, ਨਾ ਸਿਆਣੇ ਨਾ ਮੇਲੀ,
ਸੁਫਨਾ ਬਣ ਗਏ ਖੁੰਡ-ਚਰਚਾ ਤੇ ਬਾਤਾਂ ਦੇ ਸਰਨਾਵੇਂ।

ਆਪੇ ਹਿੰਮਤ ਕਰਨੀ ਪੈਣੀ, 'ਕੱਠੇ ਹੋ ਜਾਓ ਲੋਕੋ!
ਚੋਰਾਂ ਕੋਲੋਂ ਕਦ ਮਿਲਣੇ ਹਨ, ਚੋਰਾਂ ਦੇ ਸਰਨਾਵੇਂ।

ਹਰ ਮੁਸ਼ਕਿਲ ਦੇ ਹਲ ਲਈ 'ਸੈਣੀ' ਵਿਗਿਆਨਕ ਯੁੱਗ 'ਚ ਵੀ,
ਸਾਂਭੀ ਫਿਰਦੇ ਲੋਕੀ, ਸਾਧਾਂ-ਸੰਤਾਂ ਦੇ ਸਰਨਾਵੇਂ।

•

♣

ਇਕ ਅਜਬ ਨਜ਼ਾਰਾ ਛਾ ਜਾਂਦੈ, ਜਦ ਜਦ ਵੀ ਤੈਨੂੰ ਤਕਦਾ ਹਾਂ।
ਹਰ ਜ਼ੱਰਾ ਹੀ ਰੁਸ਼ਨਾ ਜਾਂਦੈ, ਜਦ ਜਦ ਵੀ ਤੈਨੂੰ ਤਕਦਾ ਹਾਂ।

ਤੂੰ ਮੰਨੇਂ ਭਾਵੇਂ ਨਾ ਮੰਨੇਂ ਪਰ ਇਹ ਇਕ ਠੋਸ ਹਕੀਕਤ ਹੈ,
ਮੈਨੂੰ ਪਿਆਰ ਬੜਾ ਹੀ ਆ ਜਾਂਦੈ, ਜਦ ਜਦ ਵੀ ਤੈਨੂੰ ਤਕਦਾ ਹਾਂ।

ਮੈਂ ਮਤੇ ਪਕਾਉਂਦਾ ਰਹਿੰਦਾ ਹਾਂ, ਤੂੰ ਮਿਲੇਂ ਤਾਂ ਅਹਿ ਅਹਿ ਆਖਾਂਗਾ,
ਪਰ ਸਭ ਕੁਝ ਭੁਲ-ਭੁਲਾ ਜਾਂਦੈ, ਜਦ ਜਦ ਵੀ ਤੈਨੂੰ ਤਕਦਾ ਹਾਂ।

ਮੇਰਾ ਦਿਲ ਜਿੰਨਾ ਨਿਰਛਲ ਹੈ, ਓਨਾ ਛਲ ਤੇਰੀ ਅਦਾ ਵਿਚ ਹੈ,
ਮੇਰਾ ਦਿਲ ਧੋਖਾ ਖਾ ਜਾਂਦੈ, ਜਦ ਜਦ ਵੀ ਤੈਨੂੰ ਤਕਦਾ ਹਾਂ।

ਤੇਰੇ ਬੋਲਾਂ ਵਿਚ ਉਹ ਮਿੱਠਤ ਏ, ਤੇਰੇ ਹਾਸੇ ਵਿਚ ਉਹ ਜਾਦੂ ਏ,
ਮੇਰਾ ਰੋਮ ਰੋਮ ਨਸ਼ਿਆ ਜਾਂਦੈ, ਜਦ ਜਦ ਵੀ ਤੈਨੂੰ ਤਕਦਾ ਹਾਂ।

ਤੂੰ ਮੇਰਾ ਏਂ, ਮੈਂ ਤੇਰਾ ਹਾਂ, ਮੈਂ ਤੇਰਾ, ਮੇਰਾ ਤੂੰ 'ਸੈਣੀ',
ਕੰਨ ਅੰਦਰ ਕੌਣ ਸੁਣਾ ਜਾਂਦੈ, ਜਦ ਜਦ ਵੀ ਤੈਨੂੰ ਤਕਦਾ ਹਾਂ।

•

♣

ਤੇਰੇ ਕਰਕੇ ਦੁਨੀਆਂਦਾਰਾਂ, ਜਿਹੜੇ ਮੈਨੂੰ ਮਾਰੇ ਪੱਥਰ।
ਫੁੱਲਾਂ ਵਾਂਗੂੰ ਕੂਲੇ ਜਾਪੇ, ਲੱਗੇ ਬਹੁਤ ਪਿਆਰੇ ਪੱਥਰ।

ਮੇਰੀ ਮਜ਼ਬੂਰੀ ’ਤੇ ਜਿਹੜੇ, ਚਾਂਭਲ-ਚਾਂਭਲ ਕੇ ਹਸਦੇ ਸਨ,
ਮੌਤ ਮੇਰੀ ਨੂੰ ਸੁਣਕੇ ਹੋਏ, ਉਹ ਸਾਰੇ ਦੇ ਸਾਰੇ ਪੱਥਰ।

ਹੋਰ ਜ਼ਮਾਨਾ ਸੀ ਜਦ ਸਾਡੇ ਨੈਣ ਮਿਲਣ ’ਤੇ ਖਿੜ ਪੈਂਦੇ ਸਨ,
ਐਪਰ ਹੁਣ ਤਾਂ ਜਦ ਮਿਲਦੇ ਹਨ, ਹੋ ਜਾਂਦੇ ਹਨ ਚਾਰੇ ਪੱਥਰ।

ਜੀ ਕਰਦਾ ਏ ਉਸਦੇ ਘਰ ਤਕ ਜਾਂਦੇ ਰਾਹ ਦੇ ਪੱਥਰ ਚੁੰਮਾਂ,
ਖਵਰੇ ਮੈਨੂੰ ਉਸਦੇ ਰਾਹ ਦੇ, ਕਿਉਂ ਲਗਦੇ ਹਨ ਪਿਆਰੇ ਪੱਥਰ?

ਇਕ ਪਾਸੇ ਤਾਂ ਨਿਤ ਦਿਹਾੜੇ, ਭੁੱਖੇ ਮਰਦੇ ਲੱਖਾਂ ਲੋਕੀਂ,
ਇਕ ਪਾਸੇ ਪਰ, ਪਲ ਪਲ ਛਿਣ ਛਿਣ, ਜਾਂਦੇ ਹਨ ਸ਼ਿੰਗਾਰੇ ਪੱਥਰ।

ਇਸ ਤਸਕੀਨ ਲਈ ਕਿ ਉਸਦੇ ਰਾਹਾਂ ਵਿਚ ਵੀ ਕੋਈ ਰੁਲਦੈ,
ਇਕ ਪੱਥਰ ਨੇ ਅਪਣੇ ਘਰ ਦੇ ਰਾਹ ਵਿਚ ਹੋਰ ਖਿਲਾਰੇ ਪੱਥਰ।

ਪੈਸਾ ਹੋਵੇ ਤਾਂ ਹਰ ਪੱਥਰ, ਫੁੱਲ ਬਣ ਬਣ ਕੇ ਮਿਲਦੈ ਅਕਸਰ,
ਪਰ ਪੈਸੇ ਬਿਨ ਫੁੱਲ ਵੀ ‘ਸੈਣੀ’ ਬਣ ਜਾਂਦੇ ਨੇ ਸਾਰੇ ਪੱਥਰ।

•

♣

ਉਸਨੂੰ ਮੈਂ ਆਪਣਾ ਕਿਹਾ, ਉਸਨੇ ਕਿਹਾ ‘ਲੋਕਾਂ’ ਜਿਹਾ’।
ਮੈਨੂੰ ਉਹ ਪਰਖੇ ਬਿਨਾ ਹੀ, ਬਣ ਗਿਆ ਲੋਕਾਂ ਜਿਹਾ।

ਲੋਕਾਂ ਦੀ ਕੀ ਗੱਲ ਸੀ, ਲੋਕਾਂ ਤਾਂ ਕਹਿਣਾ ਹੀ ਸੀ ਪਰ,
ਦੁਖ ਤਾਂ ਹੈ ਕਿ ਉਸ ਵੀ ਮੈਨੂੰ ਆਖਿਆ, ਲੋਕਾਂ ਜਿਹਾ।

ਮੇਰੇ ਦਿਲ ’ਤੇ ਕੀ ਉਦੋਂ ਬੀਤੀ, ਮੈਂ ਇਹ ਕਿਸ ਨੂੰ ਕਹਾਂ?
ਮੈਨੂੰ ਜਦ ਲੋਕਾਂ ’ਚ ਉਸਨੇ ਸਮਝਿਆ, ਲੋਕਾਂ ਜਿਹਾ।

ਕੀ ਕਿਹੈ? ਮੈਂ ਉਸ ਨੂੰ ਪਰਖਾਂ? ਦੋਸਤੋ ਇਹ ਹੈ ਗ਼ਲਤ,
ਕੀ ਬਣੂਗਾ ਫਿਰ, ਜੇ ਉਹ ਵੀ, ਨਿਕਲਿਆ, ਲੋਕਾਂ ਜਿਹਾ?

ਮੈਂ ਕਿਹਾ ਲੋਕਾਂ ਜਿਹਾ, ਤਾਂ ਖਿਝ ਕੇ ‘ਸੈਣੀ’ ਚੀਖਿਆ,
“ਹਾਂ, ਮੈਂ ਹਾਂ ਲੋਕਾਂ ਜਿਹਾ, ਲੋਕਾਂ ਜਿਹਾ, ਲੋਕਾਂ ਜਿਹਾ।”

•

♣

ਲੋਕੀਂ ਮੂੰਹ ਦੇ ਹੋਰ, ਦਿਲਾਂ ਦੇ ਹੋਰ ਨੇ।
ਆਦਮ ਦੇ ਜਾਮੇ ਵਿਚ, ਆਦਮ-ਖੋਰ ਨੇ।

'ਚੋਰੀ ਕਰਨ ਗਏ ਦਾ, ਘਰ ਚੋਰੀ ਹੋਇਆ'
ਥਾਣੇ ਰਪਟ ਲਿਖਾਈ ਏਦਾਂ ਚੋਰ ਨੇ।

ਨਹੁੰਆਂ ਨਾਲੋਂ ਮਾਸ ਜੁਦਾ ਕਰ ਛੱਡਿਆ,
ਐਸੀ ਚੁਗਲੀ ਖਾਧੀ, ਚੁਗਲੀ-ਖੋਰ ਨੇ।

ਡਾਢੇ ਨਾਲ ਲਗਾ ਕੇ ਯਾਰੀ ਕੀ ਮਿਲਿਐ?
ਸੀਨਾ ਛਲਣੀ ਕੀਤਾ ਏ ਮੂੰਹ-ਜ਼ੋਰ ਨੇ।

ਬੱਦਲ ਵੀ ਹੈ, ਮੌਸਮ ਵੀ ਹੈ, ਫਿਰ ਵੀ ਯਾਰ,
ਪੈਲ ਨਾ ਪਾਈ ਖਵਰੇ ਕਿਉਂ ਮਨ-ਮੋਰ ਨੇ?

ਤੇਰੇ ਹੱਥ ਮੈਂ ਡੋਰ ਫੜਾ ਕੇ ਉਡਿਆ ਸਾਂ,
ਧੋਖਾ ਤੂੰ ਦਿੱਤਾ? ਜਾਂ ਦਿੱਤਾ ਡੋਰ ਨੇ?

ਅਮਨ ਪਲੇ ਤਲਵਾਰਾਂ ਥੱਲੇ ਐ 'ਸੈਣੀ',
ਅਮਨ ਦੀ ਰਾਖੀ ਕੀਤੀ ਕਦ ਕਮਜ਼ੋਰ ਨੇ?

•

♣

ਹੁੰਦੇ ਨੇ ਜਦ ਦਿਨ ਸਵੱਲੇ, ਛੰਨੀ ਝੰਡੇ ਝੁੱਲ ਜਾਂਦੇ ਨੇ।
ਬਣ ਜਾਵੇ ਜਦ ਬੰਦੇ ਉੱਤੇ ਘਰ ਦੇ ਬੰਦੇ ਭੁੱਲ ਜਾਂਦੇ ਨੇ।

ਲੱਖਾਂ ਦੇ ਮਾਲਕ ਉਹ ਜਿਹੜੇ, ਕਰਦੇ ਨਹੀਂ ਪਰਵਾਹ ਲੱਖਾਂ ਦੀ,
ਡੁੱਲ੍ਹਣ ਲੱਗੇ ਟਕੇ ਟਕੇ ਦੀ ਸ਼ੈ ਉੱਤੇ ਹੀ ਡੁੱਲ ਜਾਂਦੇ ਨੇ।

ਲਖ ਬੁੱਲ੍ਹਾਂ ਨੂੰ ਸਿਉਂ ਸਿਉਂ ਰੱਖੋ, ਤਾਲੇ ਲਾਓ ਜੀਭ ਨੂੰ ਬੇਸ਼ਕ,
ਭੇਦ ਦਿਲਾਂ ਦੇ ਖੁੱਲਣ ਲੱਗਿਆਂ, ਅੱਖਾਂ ਰਾਹੀਂ ਖੁੱਲ ਜਾਂਦੇ ਨੇ।

ਕਿਉਂ ਮੈਂ ਕਿਸੇ ਦੇ ਦਰ ਤੇ ਜਾਕੇ, ਆਪਾ ਵਿਚ ਭੁਲੇਖੇ ਪਾਵਾਂ,
ਕਿਉਂ ਨਾ ਜਾਵਾਂ ਉੱਥੇ ਜਿੱਥੇ, ਸਾਰੇ ਆਪਾ ਭੁੱਲ ਜਾਂਦੇ ਨੇ?

ਇਹ ਵੀ ਸਮੇਂ ਸਮੇਂ ਦੀ ਗੱਲ ਹੈ, ਸਮੇਂ ਸਮੇਂ ਵਿਸ਼ਵਾਸ ਬਦਲਦੈ,
ਅਜ ਜੋ ਦੇਵਨ ਜਾਨ ਉਹ ਕਲ੍ਹ ਨੂੰ, ਜਾਨ ਲੈਣ ਤੇ ਤੁੱਲ ਜਾਂਦੇ ਨੇ

ਨਿੱਤ ਸੋਚਦਾਂ ਅਜ ਮਹਿਰਮ ਨੂੰ, ਅਹਿ ਆਖਾਂਗਾ, ਅਹੁ ਆਖਾਂਗਾ,
ਐਪਰ ਜਦ ਵੀ ਮਿਲਦਾਂ, ਅੱਖਰ ਰਟੇ-ਰਟਾਏ ਭੁੱਲ ਜਾਂਦੇ ਨੇ।

ਸੁਹਣੇ ਬਾਗ ਦੇ ਸੁਹਣੇ ਮਾਲੀ, ਅਜ ਇਹ ਤੈਨੂੰ ਪੁੱਛੇ 'ਸੈਣੀ',
ਇਕਨਾਂ ਘਰ ਕਿਉਂ ਕੰਡੇ ਵੀ ਨਹੀਂ, ਇਕਨਾਂ ਘਰ ਕਿਉਂ ਫੁੱਲ ਜਾਂਦੇ ਨੇ?

•

♣

ਗਜ਼ਬ ਢਾ ਰਹੀ ਹੈ ਨਜ਼ਾਕਤ ਕਿਸੇ ਦੀ।
ਬਣੀ ਜਾਨ-ਲੇਵਾ ਹੈ ਆਦਤ ਕਿਸੇ ਦੀ।

ਕਿਤੇ ਪੂਜੀ ਜਾਂਦੀ ਹੈ, ਵਹਿਸ਼ਤ ਕਿਸੇ ਦੀ।
ਕਿਤੇ ਰੋਲੀ ਜਾਵੇ, ਸ਼ਰਾਫਤ ਕਿਸੇ ਦੀ।

ਫੜ੍ਹੀ ਫਿਰਦੈ ਠੂਠਾ ਜੋ ਖ਼ੁਦ ਅਪਣੇ ਹਥ ਵਿਚ,
ਕਿਵੇਂ ਕਰ ਸਕੂ ਉਹ ਹਿਫ਼ਾਜਤ ਕਿਸੇ ਦੀ?

ਕਦੀ ਤਾਂ ਮੁਹੱਬਤ ’ਚੋਂ ਮਿਲਦਾ ਏ ਜੀਵਨ,
ਕਦੀ ਮੌਤ ਬਖ਼ਸ਼ੇ, ਮੁਹੱਬਤ ਕਿਸੇ ਦੀ।

ਮੇਰੇ ਹੰਝੂ ਸਨ ਉਸਦੀ ਝੋਲੀ ’ਚ ਡਿੱਗੇ,
ਮੈਂ ਪਰਤਾਈ ਏਦਾਂ ਅਮਾਨਤ ਕਿਸੇ ਦੀ।

ਪੁਜਾਰੀ ਹਾਂ ਮੈਂ ਓਸਦੇ ਦਰ ਦਾ, ਜਾਹਿਦ!
ਨਹੀਂ ਮੈਥੋਂ ਹੁੰਦੀ ਇਬਾਦਤ ਕਿਸੇ ਦੀ।

ਪਰੇਸ਼ਾਨੀ ਮੇਰੀ ਖ਼ਰੀ ਲੱਗੇ ਮੈਨੂੰ,
ਪਰੇਸ਼ਾਨੀ ਮੇਰੀ ਹੈ ਰਾਹਤ ਕਿਸੇ ਦੀ।

ਮੇਰਾ ਉਸਦਾ ਝਗੜਾ? ਅਸੰਭਵ, ਅਸੰਭਵ,
ਇਦ੍ਹੇ ਵਿਚ ਹੈ ਲਗਦੀ ਸ਼ਰਾਰਤ ਕਿਸੇ ਦੀ।

ਉਨ੍ਹਾਂ ਦੀ ਇਬਾਦਤ, ਮੇਰੇ ਤੋਂ ਨਈਂ ਹੋਣੀ,
ਜੋ ਕਰਦੇ ਨੇ ‘ਸੈਣੀ’ ਇਬਾਦਤ ਕਿਸੇ ਦੀ।

•

♣

ਦਿਲ ਦਿਆਂ ਜ਼ਖ਼ਮਾਂ ’ਤੇ ਆਓ, ਲੂਣ ਪਾਓ।
ਕਰਮ ਮੇਰੇ ’ਤੇ ਕਮਾਓ, ਲੂਣ ਪਾਓ।

ਦਰਦ ਵਧਕੇ ਆਪ ਹੀ ਬਣਦਾ ਹੈ ਦਾਰੂ,
ਦਰਦ ਮੇਰੇ ਨੂੰ ਵਧਾਓ, ਲੂਣ ਪਾਓ।

ਮੈਂ ਜਿਵੇਂ, ਜਿਸ ਹਾਲ ਵਿਚ ਹਾਂ, ਠੀਕ ਹੀ ਹਾਂ,
ਤਰਸ ਨਾ ਮੇਰੇ ’ਤੇ ਖਾਓ, ਲੂਣ ਪਾਓ।

ਭੁੱਲ ਕੇ ਕਸਮਾਂ ਤੇ ਵਾਅਦੇ ਤੁਰ ਗਿਆ ਜੋ।
ਉਸ ਦੀਆਂ ਗੱਲਾਂ ਸੁਣਾਓ, ਲੂਣ ਪਾਓ।

ਖੁੱਲਾ ਸੱਦਾ ਦੁਸ਼ਮਨਾਂ ਨੂੰ, ਦੋਸਤ ਨੂੰ,
ਆਓ ਸਾਰੇ ਰਲ ਕੇ ਆਓ, ਲੂਣ ਪਾਓ।

ਮੇਰੀਆਂ ਪੀੜਾਂ ਕਿਤੇ ਸੌਂ ਜਾਣ ਨਾ ਇਹ,
ਮੇਰੇ ਉੱਤੇ ਕਹਿਰ ਢਾਓ, ਲੂਣ ਪਾਓ।

ਇਉਂ ਮੇਰੀ ਬਰਬਾਦੀ ਤੇ ਝੂਰਨ ਦੀ ਥਾਵੇਂ,
ਦੋਸਤੋ! ਮਲਹਾਰ ਗਾਓ, ਲੂਣ ਪਾਓ।

•

♣

ਗੱਲੀਂ ਗੱਲੀਂ ਉਹ ਗੱਲਾਂ ਥੀਂ ਟਾਲ ਗਿਆ।
ਜੀਵਨ ਦਾ ਹਰ ਸੁਖ ਹੈ ਉਸਦੇ ਨਾਲ਼ ਗਿਆ।

ਲਖ ਯਤਨ ਕੀਤੇ ਮੈਂ ਲੇਕਿਨ ਬੁਝਦੀ ਨਹੀਂ,
ਐਸੀ ਅੱਗ ਕਲੇਜੇ ਵਿਚ ਉਹ ਬਾਲ਼ ਗਿਆ।

ਹਰ ਪਲ ਦਿਲ ਨੂੰ ਵੱਢ ਵੱਢ ਖਾਈ ਜਾਂਦੇ ਨੇ,
ਪਿਆਰ ਦੇ ਬਿੱਛੂ ਸੱਜਣ ਦਿਲ ਵਿਚ ਪਾਲ਼ ਗਿਆ।

ਕਦ ਨਿਭਿਆ ਹੈ ਜੋਬਨ, ਇਸ ’ਤੇ ਮਾਣ ਵੀ ਕੀ?
ਸਿਰਫ਼ ਬੁਢਾਪਾ ਹੀ ਮੜ੍ਹੀਆਂ ਤਕ ਨਾਲ਼ ਗਿਆ।

ਭਾਵੇਂ ਪਾਵੇ ਨਾਲ ਸੀ ਬੰਨ੍ਹਿਆ ‘ਰਾਵਣ’ ਨੇ,
ਟਾਲਿਆ ਨਾ ਪਰ ਉਸ ਤੋਂ ਆਪਣਾ ਕਾਲ਼ ਗਿਆ।

ਜਾਨ ਸੀ ਤਾਂ ਖ਼ੁਸ਼ੀਆਂ ਸਨ, ਗ਼ਮ ਵੀ ਸਨ ‘ਸੈਣੀ’,
ਜਾਨ ਗਈ ਤਾਂ ਜਾਨ ਤੋਂ ਹਰ ਜੰਜਾਲ਼ ਗਿਆ।

•

♣

ਗ਼ੈਰ ਵਾਂਗੂੰ ਬੈਠੀਦੈ, ਹਮਦਮ ਹਬੀਬਾਂ ਸਾਹਮਣੇ।
ਦੋਸਤੋ! ਕੋਈ ਜ਼ੋਰ ਨਹੀਂ ਚਲਦਾ ਨਸੀਬਾਂ ਸਾਹਮਣੇ।

ਗ਼ੈਰ ਦੀ ਮਹਿਫਿਲ ’ਚ ਬਹਿਕੇ, ਹਾਲ ਪੁੱਛਣ ਵਾਲਿਆ,
ਹਾਲ ਕੀ ਤੈਨੂੰ ਸੁਣਾਵਾਂ, ਮੈਂ ਰਕੀਬਾਂ ਸਾਹਮਣੇ।

ਹਾਕਮਾ! ਨਾ ਮੌਤ ਦਾ ਡਰ ਦਿਹ ਤੂੰ ਸਾਨੂੰ ਸਭ ਪਤੈ,
ਗੋਲੀਆਂ ਪਿੱਛੇ ਨੇ ਸਾਡੇ, ਤੇ ਸਲੀਬਾਂ ਸਾਹਮਣੇ।

ਕਤਲੋ-ਗ਼ਾਰਤ, ਲੁੱਟਾਂ-ਖੋਹਾਂ, ਵੇਖਕੇ ਇਹ ਸੋਚੀਦੈ,
ਕੀ ਭਲਾ ਵੁੱਕਤ ਹੈ, ਰੱਸੀ ਦੀ, ਜ਼ਰੀਬਾਂ ਸਾਹਮਣੇ।

ਕੀ ਵਫ਼ਾ ਹੈ? ਕੀ ਮੁਹੱਬਤ ਹੈ? ਤੂੰ ਕੀ ਜਾਣੇਂ ਬਦ-ਮਿਜਾਜ਼,
ਜਾਣਨਾ ਚਾਹੁੰਨੈ ਜੇ ‘ਸੈਣੀ’ ਆ ਅਦੀਬਾਂ ਸਾਹਮਣੇ।

•

♣

ਇਹ ਦੱਸਿਆਂ ਦੱਸ ਨਹੀਂ ਹੁੰਦੇ, ਇਹ ਬੋਲਿਆਂ ਬੋਲ ਨਹੀਂ ਹੁੰਦੇ,
ਮਗ਼ਰ ਸੱਚ ਹੈ, ਗਿਲੇ ਸ਼ਿਕਵੇ, ਕਦੇ ਅਣਭੋਲ ਨਹੀਂ ਹੁੰਦੇ।

ਕਿਸੇ ਨੂੰ ਆਖਕੇ, ਦੱਸ ਕੇ ਵੀ ਘਟ ਜਾਂਦਾ ਹੈ, ਦੁਖ ਅਕਸਰ,
ਜੁਦੀ ਗਲ ਹੈ ਇਹ ਦਿਲ ਦੇ ਦੁਖ, ਹਰਿੱਕ ਥੀਂ ਫੋਲ ਨਹੀਂ ਹੁੰਦੇ।

ਬੜਾ ਮੈਨੂੰ ਸਤਾਉਂਦੇ ਨੇ, ਤਪਾਉਂਦੇ ਨੇ ਬੜਾ ਮੈਨੂੰ,
ਜਦੋਂ ਉਹ ਕੋਲ ਹੁੰਦੇ ਨੇ, ਜਦੋਂ ਉਹ ਕੋਲ ਨਹੀਂ ਹੁੰਦੇ।

ਜਿਨ੍ਹਾਂ ਨੂੰ ਯਾਰ ਦੀ ਯਾਰੀ ਦਾ ਭੋਰਾ 'ਪਾਸ' ਹੁੰਦਾ ਹੈ,
ਕਦੇ ਵੀ ਭੇਦ ਯਾਰਾਂ ਦੇ, ਉਨ੍ਹਾਂ ਤੋਂ ਖੋਲ ਨਹੀਂ ਹੁੰਦੇ।

ਨਿਰ੍ਹੇ ਇਹ ਅਸ਼ਕ ਨਹੀਂ ਯਾਰਾ, ਬੜੇ ਅਣਮੁੱਲੇ ਹਨ ਮੋਤੀ,
ਇਹ ਐਵੇਂ ਕੇਰ ਨਹੀਂ ਹੁੰਦੇ, ਇਹ ਐਵੇਂ ਰੋਲ ਨਹੀਂ ਹੁੰਦੇ।

ਤੇਰੇ ਵਾਅਦੇ, ਮੇਰੇ ਤਰਲੇ, ਜ਼ਫਾ ਤੇਰੀ, ਵਫ਼ਾ ਮੇਰੀ,
ਬੜੀ ਵਾਰੀ ਮੈਂ ਤੱਕਿਆ ਹੈ, ਕਦੇ ਸਮ-ਤੋਲ ਨਹੀਂ ਹੁੰਦੇ।

ਸਮਝਦਾਂ ਮੈਂ ਤੇਰੀ ਗੱਲ ਨੂੰ, ਤੂੰ ਚਾਤਰ ਬਣ ਨਾ ਐ 'ਸੈਣੀ',
ਕਿ ਸ਼ਾਇਰ ਹੁੰਦੇ ਨੇ ਜਿਹੜੇ, ਨਿਰੇ ਬਗਲੋਲ ਨਹੀਂ ਹੁੰਦੇ।

•

♣

ਬਹੁਤ ਹੀ ਦਿਲਗੀਰ ਹੋਇਆ ਹਾਂ ਤੇਰੇ ਤੁਰ ਜਾਣ ਤੇ।
ਜਿਉਂਦਿਆਂ ਸੈ ਵਾਰ ਮੋਇਆ ਹਾਂ ਤੇਰੇ ਤੁਰ ਜਾਣ ਤੇ।

ਜਿਹੜਿਆਂ ਰਾਹਾਂ ਦੇ ਹਰ ਇਕ ਮੋੜ ਤੋਂ ਵਾਕਿਫ਼ ਸਾਂ ਮੈਂ,
ਉਹਨਾਂ ਹੀ ਰਾਹਾਂ 'ਚ ਖੋਇਆ ਹਾਂ ਤੇਰੇ ਤੁਰ ਜਾਣ ਤੇ।

ਹੰਝੂਆਂ ਦੇ ਨਾਲ ਜੋ ਪਈਆਂ ਘਰਾਲਾਂ ਦਸਦੀਆਂ,
ਕੀ ਨਹੀਂ ਤੇ ਕੀ ਮੈਂ ਹੋਇਆ ਹਾਂ ਤੇਰੇ ਤੁਰ ਜਾਣ ਤੇ।

ਮਖ਼ਮਲਾਂ 'ਤੇ ਸੌਣ ਵਾਲੇ, ਤੂੰ ਇਹ ਕੀ ਜਾਣੇ ਕਿ ਮੈਂ,
ਤਿੱਖੀਆਂ ਸੂਲਾਂ 'ਤੇ ਸੋਇਆ ਹਾਂ ਤੇਰੇ ਤੁਰ ਜਾਣ ਤੇ।

ਮੇਰੇ ਦਿਲ ਵਿਚ ਬੈਠ ਕੇ ਵੇਖੇਂ ਤਾਂ ਫਿਰ ਲੱਗੇ ਪਤਾ,
ਕਿ ਮੈਂ ਕਿੱਥੇ ਆ ਖਲੋਇਆ ਹਾਂ ਤੇਰੇ ਤੁਰ ਜਾਣ ਤੇ।

ਅਪਣੇ ਸਾਹਾਂ ਦੀ ਸੁਗੰਧੀ 'ਚੋਂ ਤੂੰ 'ਸੈਣੀ' ਕਰ ਤਲਾਸ਼,
ਤੇਰੇ ਸਾਹਾਂ ਵਿਚ ਸਮੋਇਆ ਹਾਂ ਤੇਰੇ ਤੁਰ ਜਾਣ ਤੇ।

•

♣

ਜ਼ਹਿਰ ਦੇ ਗਏ ਉਹ, ਦਵਾ ਕਰਦੇ ਕਰਦੇ।
ਅਸੀਂ ਪੀ ਗਏ, ਸ਼ੁਕਰੀਆ ਕਰਦੇ ਕਰਦੇ।

ਕਈ ਵਾਰ ਪਿਆਰਾਂ 'ਚ ਏਦਾਂ ਵੀ ਹੁੰਦੈ,
ਗਲੇ ਆਣ ਲੱਗਣ, ਗਿਲਾ ਕਰਦੇ ਕਰਦੇ।

ਜਿਨ੍ਹਾਂ ਨੇ ਵੀ ਸਾਨੂੰ, ਜੁਦਾ ਕਰਨਾ ਚਾਹਿਆ,
ਜੁਦਾ ਹੋ ਗਏ ਉਹ ਜੁਦਾ ਕਰਦੇ ਕਰਦੇ।

ਅਜਬ ਰੋਗ ਹੈ, ਇਸ਼ਕ ਦਾ ਐ ਤਬੀਬਾ!
ਜੋ ਵਧਦਾ ਹੀ ਜਾਂਦੈ, ਦਵਾ ਕਰਦੇ ਕਰਦੇ।

ਬੜਾ ਹਾਸਾ ਉਹਨਾਂ ਦੀ ਹਾਲਤ 'ਤੇ ਆਇਐ,
ਬੁਰਾ ਕਰ ਗਏ ਜੋ, ਭਲਾ ਕਰਦੇ ਕਰਦੇ।

ਕਿਸੇ ਦਾ ਪਤਾ ਕੀ ਲਗਾਉਣਾ ਸੀ 'ਸੈਣੀ',
ਗੁਆਚੇ ਹਾਂ ਖ਼ੁਦ ਦਾ, ਪਤਾ ਕਰਦੇ ਕਰਦੇ।

•

♣

ਇਹ ਰੁੱਤ ਆਈ ਬਹਾਰਾਂ ਦੀ, ਖਿੜੀ ਗੁਲਜ਼ਾਰ, ਆ ਵੀ ਜਾ।
ਫ਼ਜ਼ਾ ਮਸਤੀ 'ਚ ਹੈ, ਵੰਡਦੀ ਪਈ ਮਹਿਕਾਰ, ਆ ਵੀ ਜਾ।

ਮੇਰੀ ਗੱਲ ਮੰਨ ਕੇ ਇਕ ਵਾਰ, ਮੇਰੀ ਆਬਰੂ ਰੱਖ ਲੈ,
ਕਿਤੇ ਨਾ ਆਂਚ ਖਾ ਜਾਵੇ, ਮੇਰਾ ਇਤਬਾਰ, ਆ ਵੀ ਜਾ।

ਸੁਣਾਵਾਂ ਦਿਲ ਦੀ ਮੈਂ ਕਿਸਨੂੰ, ਕਰਾਂ ਮੈਂ ਦਿਲ ਨੂੰ ਕਿੰਜ ਹੌਲਾ?
ਕਿਦ੍ਹੇ ਗਲ਼ ਲਗ ਕੇ ਰੋਵਾਂ? ਮੇਰੇ ਦਿਲਦਾਰ! ਆ ਵੀ ਜਾ।

ਕਦੇ ਇਕ ਵਾਰ ਆਖਣ 'ਤੇ, ਤੂੰ ਸੌ ਸੌ ਵਾਰ ਆਉਂਦਾ ਸੀ,
ਮਗਰ ਹੁਣ ਕਿਉਂ ਨਹੀਂ ਆਉਂਦਾ? ਕਿਹੈ ਸੌ ਵਾਰ, ਆ ਵੀ ਜਾ।

ਤੇਰੇ ਨਾਂ ਦੀ ਸਦਾਅ ਆਵੇ, ਤੂੰ ਹਰ ਸ਼ੈ 'ਚੋਂ ਨਜ਼ਰ ਆਵੇਂ,
ਮੇਰੇ ਹਿਰਦੇ ਦੀ ਧੜਕਣ ਆਖਦੀ ਹਰ ਵਾਰ, ਆ ਵੀ ਜਾ।

ਤੂੰ ਹੀ ਦਾਰੂ, ਤੂੰ ਹੀ ਦਰਮਲ, ਤੂੰ ਹੀ ਮੇਰਾ ਮਸੀਹਾ ਹੈਂ,
ਪੁਕਾਰੀ ਜਾ ਰਿਹੈ ਤੈਨੂੰ ਤੇਰਾ ਬੀਮਾਰ, ਆ ਵੀ ਜਾ।

ਬਚਾ ਲੈ ਜੇ ਬਚਾ ਸਕਦੈਂ, ਨਿਮਾਣੀ ਜਿੰਦ ਨੂੰ 'ਸੈਣੀ',
ਤੇਰਾ ਗ਼ਮ ਹੀ ਨਾ ਖਾ ਜਾਏ-ਮੇਰੇ ਗ਼ਮਖ਼ਾਰ, ਆ ਵੀ ਜਾ।

•

♣

ਮੇਰੇ ਤੇਰੇ ਵਿਚ ਪਈ ਜੋ ਖਾਈ ਹੈ।
ਦਸ ਯਾਰਾ! ਇਹ ਕਿਸਨੇ ਜ਼ਹਿਰ ਫੈਲਾਈ ਹੈ?

ਤੇਰੇ ਦਿੱਤੇ ਦਰਦ ਹੋਣ ਜਾਂ ਪੀੜ ਤੇਰੀ,
ਤੇਰੀ ਸਹੁੰ ਮੈਂ ਸਾਹਾਂ ਵਾਂਗ ਹੰਢਾਈ ਹੈ।

ਮੈਂ ਤੇਰੇ ਅਹਿਸਾਨ ਭੁੱਲਾਵਾਂ ਤਾਂ ਕਿੱਦਾਂ,
ਮੇਰਾ ਲੂੰ ਲੂੰ ਯਾਰ ਤੇਰਾ ਕਰਜਾਈ ਹੈ।

ਵਿਗੜੀ ਗੱਲ ਕਿਸੇ ਨੂੰ ਦੱਸਣ ਤੋਂ ਪਹਿਲਾਂ,
ਕੱਠੇ ਬੈਠ ਨਿਬੇੜਣ ਵਿਚ ਦਾਨਾਈ ਹੈ।

ਮੇਰਾ ਅੰਦਰ-ਬਾਹਰ ਭਰਿਆ ਦਰਦਾਂ ਦਾ,
ਸਾਰੀ ਉਮਰ ਦੀ ਮੇਰੀ ਇਹੋ ਕਮਾਈ ਹੈ।

’ਕੱਲੇ ਦਿਲ ਦੀ ਗੱਲ ਜੇ ਹੁੰਦੀ ਸਹਿ ਲੈਂਦਾ,
ਮੈਂ ਤਾਂ ਪਿਆਰ ’ਚ, ਹਰ ਇਕ ਚੀਜ਼ ਲੁਟਾਈ ਹੈ।

ਮੈਨੂੰ ਜਾਪੇ ਮਾਤਮ-ਸੁਰਾਂ ਅਲਾਪ ਰਹੀ,
ਵੱਜ ਰਹੀ ਜੋ ਸੱਜਣ ਘਰ ਸ਼ਹਿਨਾਈ ਹੈ।

ਐ ‘ਸੈਣੀ’ ਉਹ ਸਿਰਫ਼ ਤੇਰਾ ਹੀ ਦਿਲਬਰ ਨਈ੍ਹਂ,
ਉਸਦੀ ਤਾਂ ਹਰ ਸ਼ਖਸ ਨਾਲ ਅਸ਼ਨਾਈ ਹੈ।

•

♣

ਇਕ ਜ਼ਮਾਨਾ ਬੀਤ ਗਿਆ ਹੈ,ਉਸ ਮਹਿਰਮ ਸੰਗ ਰਹਿੰਦੇ ਰਹਿੰਦੇ।
ਦਿਲ ਦੀ ਗੱਲ ਪਰ ਕਹਿ ਨਾ ਹੋਈ, ਮਰ ਲੱਥੇ ਹਾਂ ਕਹਿੰਦੇ ਕਹਿੰਦੇ।

ਅਪਣੇ ਦਿਲ ਦਾ ਦਰਦ ਰਤਾ ਵੀ, ਨਾ ਮੁਕਿਆ ਨਾ ਘਟ ਹੋਇਆ ਹੈ,
ਅੱਖਾਂ ਵਿੱਚੋਂ ਹੰਝੂ ਐਪਰ, ਮੁਕ ਚੱਲੇ ਨੇ ਵਹਿੰਦੇ ਵਹਿੰਦੇ।

ਯਾਰਾ! ਚਾਰ ਦਿਨਾਂ ਦਾ ਜੋਬਨ, ਇਸਤੇ ਭੁੱਲ ਕੇ ਮਾਣ ਕਰੀਂ ਨਾ,
ਸੂਰਜ ਵਾਂਗੂੰ ਚੜ੍ਹਦੈ ਬੇਸ਼ਕ, ਲਹਿ ਵੀ ਜਾਂਦਾ ਲਹਿੰਦੇ ਲਹਿੰਦੇ।

ਮੁਦੱਤ ਪਿੱਛੋਂ ਆਏ ਹੋ ਅਜ, ਬੈਠੋ ਕੋਈ ਗੱਲ ਸੁਣਾਓ,
ਐਡੀ ਵੀ ਕਾਹਲੀ ਕੀ ਹੋਈ, ਤੁਰ ਚੱਲੇ ਹੋ ਬਹਿੰਦੇ ਬਹਿੰਦੇ।

ਮੂਰਖ ਪਗਲਾ ਕਹਿ ਚੁੱਕੇ ਹੋ, ਦੁਨੀਆਂ ਭਰ ਦਾ ਅਵਾਰਾ ਵੀ,
ਹੋਰ ਵੀ ਦਿਲ ਵਿਚ ਜੋ ਹੈ ਕਹਿ ਲਓ, ਚੁਪ ਕਿਉਂ ਹੋ ਗਏ ਕਹਿੰਦੇ ਕਹਿੰਦੇ।

ਠੋਹਕਰ ਥੀਂ ਠੁਕਰਾ ਦੇ ਭਾਵੇਂ, ਭਾਵੇਂ ਤੂੰ ਅਪਣਾ ਲੈ 'ਸੈਣੀ',
ਤੇਰੇ ਦਰ ਤੇ ਆ ਪੁਜਿਆ ਹਾਂ, ਡਿਗਦੇ ਡਿਗਦੇ ਢਹਿੰਦੇ ਢਹਿੰਦੇ।

•

♣

ਤੱਕਿਐ ਮੈਂ ਅਜ ਜ਼ਮਾਨੇ ਦੀ ਵਫ਼ਾ ਨੂੰ ਤੱਕਿਐ।
ਆਖਦੇ ਜਿਸ ਨੂੰ ਖ਼ੁਦਾ, ਮੈਂ ਉਸ ਖ਼ੁਦਾ ਨੂੰ ਤੱਕਿਐ।

ਭੁੱਖਾਂ, ਨੰਗਾਂ, ਵਿਤਕਰੇ, ਦੁਈ, ਦੁਐਤੀ, ਵੈਰ ਵਿਚ,
ਅਜ ਭਰਾ ਤੋਂ ਦੂਰ ਮੈਂ, ਜਾਂਦੇ ਭਰਾ ਨੂੰ ਤੱਕਿਐ।

ਜੁਗਨੂੰਆਂ ਦੀ ਲੋਅ ਹੀ ਬਣਕੇ, ਰਹਿ ਗਏ ਕਾਨੂੰਨ – ਘਰ,
ਮਿਲਦੀ ਏ ਜੋ ਜੁਰਮ ਬਦਲੇ, ਉਸ ਸਜ਼ਾ ਨੂੰ ਤੱਕਿਐ।

ਅੱਗ ਦੇ ਦਰਿਆਂ 'ਚੋਂ ਮੈਂ ਤਾਂ ਕੁੰਦਨ ਬਣ ਕੇ ਨਿਕਲਿਆਂ,
ਪਰ ਕਿਨਾਰੇ ਤੇ ਖੜਿਆਂ ਦੀ, ਦਰਦਸ਼ਾ ਨੂੰ ਤੱਕਿਐ।

ਮੇਟ ਕੇ ਜੋ ਆਖਦੈ, ਕੀ ਹੋ ਗਿਆ? ਕੁਝ ਸਬਰ ਕਰ,
ਮੈਂ ਤਾਂ ਹਰ ਥਾਂ 'ਤੇ ਹੀ ਐਸੇ, ਦਿਲਰੁਬਾ ਨੂੰ ਤੱਕਿਐ।

ਆਪਣੇ ਬੇਸਮਝ ਦਿਲ ਤੇ ਨਾ ਗਿਲਾ 'ਸੈਣੀ' ਰਿਹਾ,
ਔਝੜੀਂ ਭਟਕੇ ਹੋਏ ਜਦ ਰਹਿਨੁਮਾ ਨੂੰ ਤੱਕਿਐ।

•

♣

ਤੂੰ ਵੀ ਯਾਰਾ ਇੰਜ ਕਰੇਗਾ? ਮੈਂ ਕਦੇ ਸੋਚਿਆ ਨਾ ਸੀ।
ਰਿਸ਼ਤਾ ਇਹ ਨਹੁੰ ਮਾਸ ਦਾ, ਇਉਂ ਤੋੜੇਂਗਾ? ਲਗਦਾ ਨਾ ਸੀ।

ਨਾ ਉਹ ਸ਼ੋਖੀ, ਨਾ ਉਹ ਮਸਤੀ, ਨਾ ਉਹ ਖ਼ੁਸ਼ੀ ਪੱਲੇ ਕੋਈ,
ਜਿਸ ਤਰ੍ਹਾਂ ਦਾ ਹਾਲ ਹੁਣ ਹੋਇਆ, ਕਦੇ ਹੋਇਆ ਨਾ ਸੀ।

ਇਸ਼ਕ ਦੇ ਰਾਹ ਵਿਚ ਸਮੁੰਦਰ ਦੁੱਖਾਂ ਦੇ, ਗ਼ਮ ਦੇ ਪਹਾੜ,
ਤੁਰ ਕੇ ਇਸ ਰਾਹ 'ਤੇ ਦਿਲਾ! ਪਛਤਾਏਂਗਾ, ਦਸਿਆ ਨਾ ਸੀ?

ਆਪਣਿਆਂ ਵਿਚ ਮੈਂ ਕਈ ਵਾਰੀ ਹੈ ਜਾ ਜਾ ਵੇਖਿਆ,
ਚਿਹਰਿਆਂ ਦੀ ਭੀੜ ਸੀ, ਤੇਰਾ ਮਗਰ ਚਿਹਰਾ ਨਾ ਸੀ।

ਪਿਆਰ ਸੀ, ਜਜ਼ਬਾਤ ਸਨ, ਤੇ ਹੌਸਲਾ ਸੀ ਬੇਸ਼ੁਮਾਰ,
ਦਿਲ ਮੇਰਾ ਹੁਣ ਵਾਂਗਰਾਂ, ਖੰਡਰਾਤ ਜਾਂ ਮਲਬਾ ਨਾ ਸੀ।

ਹਾਦਸੇ ਪਹਿਲਾਂ ਵੀ 'ਸੈਣੀ' ਬਹੁਤ ਹੋਏ ਇੰਜ ਮਗਰ,
ਜਿਸ ਤਰ੍ਹਾਂ ਹੁਣ ਦੁਖਿਆ ਏ ਦਿਲ, ਇਉਂ ਕਦੇ ਦੁਖਿਆ ਨਾ ਸੀ।

•

♣

ਹਰ ਜ਼ਖ਼ਮ ਵਡੇਰਾ ਹੈ, ਹਰ ਪੀੜ ਅਵੱਲੀ ਹੈ,
ਦਿਲ ਹਿਜ਼ਰ ’ਚ ਇਉਂ ਭੁਜਦੈ, ਜਿਉਂ ਭੁਜਦੀ ਛੱਲੀ ਹੈ।

ਲੋਕਾਂ ਦੇ ਮਿਹਣੇ ਹਨ, ਸੱਜਣ ਦੇ ਰੋਸੇ ਹਨ,
ਨਾ ਦੁਖ ਇਕੱਲਾ ਹੈ, ਨਾ ਜਾਨ ਇਕੱਲੀ ਹੈ।

ਇਕ ਮਹਿਰਮ ਰੁੱਸਿਆ ਏ, ਇਕ ਮੌਸਮ ਚੰਦਰਾ ਏ।
ਹਾਇ! ਪੀੜ ਵਿਛੋੜੇ ਦੀ ਹੁਣ ਦੂਣ ਸਵੱਲੀ ਹੈ।

ਨਾ ਰੌਣਕ ਚਿਹਰੇ ’ਤੇ, ਨਾ ਚਾਲ ‘ਚ ਮਸਤੀ ਏ,
ਇਹ ਕਿਧਰੋਂ ਆਈ ਹੈ? ਇਹ ਕਿੱਧਰ ਚੱਲੀ ਹੈ?

ਜਦ ਯਾਦ ਤੇਰੀ ਆਵੇ, ਦਿਲ ਦਰਦ ਥੀਂ ਭਰ ਜਾਵੇ,
ਜ਼ਾਹਿਰ ਹੈ ਤੇਰੀ ਥਾਂ ਹੁਣ ਦਰਦਾਂ ਮੱਲੀ ਹੈ।

ਐ ‘ਸੈਣੀ’ ਗ਼ਮ ਤੇਰੇ, ਇਉਂ ਠੂੰਗਿਆ ਦਿਲ ਮੇਰਾ,
ਜਿਉਂ ਠੂੰਗੀ ਤੋਤੇ ਨੇ, ਕੋਈ ਦੋਧਾ ਛੱਲੀ ਹੈ।

•

♣

ਮੇਰੇ ਹੱਥਾਂ ਨੂੰ ਜਦ ਉਸਦੇ, ਹੱਥ ਮਖ਼ਮਲੀ ਛੋ ਜਾਂਦੇ ਨੇ।
ਮੇਰੇ ਹੱਥ, ਰੱਟਣਾਂ ਖਾਧੇ, ਰੂੰ ਦੇ ਗੋਹੜੇ ਹੋ ਜਾਂਦੇ ਨੇ।

ਨਿਤ – ਦਿਹਾੜੇ ਦਿਲ ਦੇ ਅੰਦਰ, ਦਰਦ ਕਿਸੇ ਦਾ ਏਦਾਂ ਵਧਦੈ,
ਸ਼ਾਮ ਪੈਣ ’ਤੇ ਜਿਉਂ ਪਰਛਾਵੇਂ, ਹੋਰ ਲਮੇਰੇ ਹੋ ਜਾਂਦੇ ਨੇ।

ਜਦ ਮੈਂ ਕਿਸੇ ਨੂੰ ਅਪਣੇ ਦਿਲ ਦੀ, ਕੋਈ ਬਾਤ ਸੁਣਾਨੀ ਚਾਹੁੰਦਾ,
ਤਾਂ ਉਹ ਅੱਗੋਂ ਮੇਰੇ ਅੱਗੇ ਅਪਣੇ ਰੋਣੇ ਰੋ ਜਾਂਦੇ ਨੇ।

ਕੀ ਉਹਨਾਂ ਯਾਰਾਂ ਨੂੰ ਪੂਜਾਂ? ‘ਦੇਵ’ ਸਮਝ ਕੇ ਧੂਫ਼ ਧੁਖਾਵਾਂ?
ਲੋੜ ਪਈ ਤੇ ਜਿਹੜੇ ਅਕਸਰ, ਹੋ ਕੇ ਪਰ੍ਹਾਂ ਖਲੋ ਜਾਂਦੇ ਨੇ।

ਜੀਵਨ ਭਰ ਅੱਖਾਂ ਦੇ ਅੰਦਰ , ਉਹਨਾਂ ਦੀ ਹੈ ਸੂਰਤੀ ਫਿਰਦੀ,
ਜੋ ਇਕ ਵਾਰੀ ਨਜ਼ਰਾਂ ਰਾਹੀਂ, ਦਿਲ ਦੇ ਵਿਚ ਸਮੋ ਜਾਂਦੇ ਨੇ।

ਅਜ–ਕਲ੍ਹ ਦੇ ਯਾਰਾਂ ਦੀ ਯਾਰੀ, ਮੇਰੀ ਤੌਬਾ, ਬਖ਼ਸ਼ੇ ਮੌਲਾ,
ਅਜਕਲ ਯਾਰ, ਯਾਰ ਦੇ ਰਾਹ ਵਿਚ, ਅਕਸਰ ਕੰਡੇ ਬੋ ਜਾਂਦੇ ਨੇ।

ਪੈਸੇ ਦੀ ਤੱਕੜੀ ਵਿਚ ਤੁੱਲਕੇ, ਇਸ ਦੁਨੀਆਂ ਦੇ ਬੰਦੇ ਅਕਸਰ,
ਅਪਣਾ ਅਪਣਾ ਕਹਿੰਦੇ ਕਹਿੰਦੇ, ਹੋਰ ਕਿਸੇ ਦੇ ਹੋ ਜਾਂਦੇ ਨੇ।

ਉਹਨਾਂ ਨੂੰ ਇਹ ਦੁਨੀਆਂ ‘ਸੈਣੀ’ ਸਦੀਆਂ ਤੀਕ ਪੂਜਦੀ ਰਹਿੰਦੀ,
ਜਿਹੜੇ ਬੇਬਸ ਦੇ ਦੁਖ ਅੱਗੇ, ਛਾਤੀ ਤਾਣ ਖਲੋ ਜਾਂਦੇ ਨੇ।

•

♣

ਨਾ ਦੱਸਿਆ ਕੁਝ, ਨਾ ਪੁਛਿਆ ਕੁਝ, ਚੁਪਚਾਪ ਹੀ ਰਿਸ਼ਤਾ ਤੋੜ ਲਿਆ।
ਤੂੰ ਕਿਉਂ ਦਰਿਆ ਦੇ ਵਹਿਣ ਤਰ੍ਹਾਂ, ਐ 'ਸੈਣੀ' ਰਸਤਾ ਮੋੜ ਗਿਆ?

ਦਿਲ ਤਾਂ ਇਕ ਸ਼ੀਸ਼ਾ ਹੁੰਦਾ ਹੈ, ਟੁੱਟਣ 'ਤੇ ਜਿਹੜਾ ਜੁੜਦਾ ਨਹੀਂ,
ਦਿਲ ਧਾਗਾ ਨਹੀਂ ਹੈ ਕਿ ਜਿਸਨੂੰ ਝਟ ਗੰਢ ਲਿਆ, ਝਟ ਤੋੜ ਲਿਆ।

ਦੁਨੀਆਂ ਵੀ ਚੰਗੀ ਟੱਕਰੀ ਹੈ, ਮੈਨੂੰ ਇਸ਼ਕ ਵੀ ਚੰਗਾ ਮਿਲਿਆ ਹੈ,
ਉਸ ਆਟੇ ਵਾਂਗੂ ਪੀਹ ਸੁਟਿਆ, ਉਸ ਨਿੰਬੂ ਵਾਂਗ ਨਿਚੋੜ ਲਿਆ।

ਹੈ ਗਰਮੀ ਅਜੇ ਤਾਂ ਸਾਹਾਂ ਵਿਚ ਤੇ ਜੋਤ ਅਜੇ ਹੈ ਅੱਖਾਂ ਵਿਚ,
ਕਿਉਂ ਸਜਣਾਂ ਮੇਰੇ ਕਦ ਜੇਡਾ ਤੂੰ ਪਹਿਲੋਂ ਹੀ ਕਾਨ੍ਹਾ ਤੋੜ ਲਿਆ?

ਇਹ ਦਿਲ ਦੀ ਸੁੱਚੀ ਹੂਕ ਸਜਣ, ਇਹ ਵੇਦਨ ਸੁੱਚੇ ਭਾਵਾਂ ਦੀ,
ਹਰ ਜਨਮ 'ਚ ਉਸ ਨੂੰ ਭਾਲੇਂਗਾ, ਤੂੰ ਜਿਸ ਤੋਂ ਮੂੰਹ ਅਜ ਮੋੜ ਲਿਆ।

♣

'ਕਾਨ੍ਹਾ ਤੋੜਣਾ' – ਪਹਿਲਾਂ ਜਦੋਂ ਕੋਈ ਮਰਦਾ ਸੀ ਤਾਂ ਉਸਦੇ
ਕਦ ਜੇਡਾ ਕਾਨ੍ਹਾ ਅਰਥੀ ਤੇ ਉਸਦੀ ਲਾਸ਼ ਨਾਲ ਰੱਖਿਆ ਜਾਂਦਾ ਸੀ।
ਕਈ ਥਾਈਂ ਅਜੇ ਵੀ ਇਸ ਤਰ੍ਹਾਂ ਕੀਤਾ ਜਾਂਦਾ ਹੈ।

♣

♣

ਜੇ ਐਨੀ ਪੀ ਕੇ ਵੀ, ਨਾ ਹੋਇਆ ਨਸ਼ਾ ਸਾਕੀ।
ਇਸ ਵਿਚ ਕੀ ਦੋਸ਼ ਤੇਰਾ, ਕੀ ਤੇਰੀ ਖ਼ਤਾ ਸਾਕੀ।

ਅਜ ਰਾਤ ਮਿਲਾਪਾਂ ਦੀ, ਅਜ ਰਾਤ ਏ ਪਿਆਰਾਂ ਦੀ,
ਅਜ ਰਾਤ ਨਾ ਜਾ ਸਾਕੀ, ਅਜ ਰਾਤ ਨਾ ਜਾ ਸਾਕੀ।

ਦਿਲ ਤੇ ਨਾ ਲਿਆਈਂ ਤੂੰ, ਗੁੱਸਾ ਨਾ ਕਰੀਂ ਭੋਰਾ,
ਜੇ ਬਹੁਤੀ ਪੀ ਪੂ ਕੇ, ਹੋ ਜਾਏ ਖ਼ਤਾ ਸਾਕੀ।

ਤੂੰ ਜਣਦੈਂ ਹਥ ਖਾਲੀ, ਨਾ ਜਾਵੇ ਕਦੇ ਮੂੰਹ ਨੂੰ,
ਜੇ ਜ਼ਾਮ ਨਹੀਂ ਦੇਣਾ ਤਾਂ ਹਥ ਹੀ ਫੜਾ ਸਾਕੀ।

ਲਖ ਵਾਰ ਕਰੀ ਤੌਬਾ, ਪੀਣੇ ਤੋਂ ਪਿਲਾਣੇ ਤੋਂ,
ਪਰ ਤਕਦਾਂ ਜਦ ਤੈਨੂੰ, ਜਾਵੇ ਨਾ ਰਿਹਾ ਸਾਕੀ।

ਅੱਗੇ ਹੀ ਗੁਟ ਹੋਇਆਂ, ਫਿਰ ਜ਼ਾਮ ਤੂੰ ਭਰ ਦਿੱਤਾ,
ਚਲ ਇਹ ਵੀ ਪੀ ਲਾਂਗਾ, ਪਰ ਨੈਣ ਮਿਲਾ ਸਾਕੀ।

ਦਿਲ ਭਰਿਆ ਭਰਿਆ ਹੈ, ਖਵਰੇ ਕੀ ਕਰ ਬੈਠਾਂ,
ਗੱਲ ਛੇੜ ਕੇ ਪਿਆਰਾਂ ਦੀ, 'ਸੈਣੀ' ਨੂੰ ਰੁਆ ਸਾਕੀ।

•

♣

ਜ਼ਿੰਦਗੀ ਖ਼ੁਦ ਇਕ ਗੁਨਾਹ ਹੈ ਦੋਸਤੋ।
ਹਸਰਤਾਂ ਦੀ ਕਤਲਗਾਹ ਹੈ ਦੋਸਤੋ।

ਨਿਭਦਾ ਕਦ ਅਪਣਾ ਵੀ ਸਾਹ ਹੈ ਦੋਸਤੋ।
ਅਜਕਲ ਕਿਸਦਾ ਵਿਸਾਹ ਹੈ ਦੋਸਤੋ?

ਆਦਮੀਅਤ ਨਾਲ ਮੈਂ ਕਰਦਾ ਪਿਆਰ,
ਕੀ ਮੇਰਾ ਇਹੋ ਗੁਨਾਹ ਹੈ ਦੋਸਤੋ?

ਮੈਂ ਕਿਸੇ ਦਾ ਵੀ ਨਹੀਂ ਦਿਲ ਤੋੜਿਆ,
ਮੇਰਾ ਟੁਟਿਆ ਦਿਲ ਗਵਾਹ ਹੈ ਦੋਸਤੋ।

ਸਿਰ ਫਿਰੇ ਬਾਲਣਗੇ ਦੀਵੇ ਏਸ ਤੇ,
ਇਸ਼ਕ ਦੀ ਇਹ ਖ਼ਾਨਗਾਹ ਹੈ ਦੋਸਤੋ।

ਕੋਈ ਰੁੱਸੇ ਯਾਰ ਨੂੰ ਇਹ ਜਾ ਕਹੇ,
ਮੋਹ ਮੇਰੇ ਦਿਲ ਵਿਚ ਅਥਾਹ ਹੈ ਦੋਸਤੋ।

ਮਰਨ ਤਕ ਜੋ ਯਾਰ ਨੂੰ ਲੱਭਦੀ ਰਹੀ,
ਉਹ ਮੇਰੀ ਪਾਗਲ ਨਿਗਾਹ ਹੈ ਦੋਸਤੋ।

ਆਪਣੀ ਗਲ ਸੁਣਨ ਲਈ ਮਹਿਫ਼ਲ ਦੇ ਵਿਚ,
ਸਭ ਦੀ ਮੇਰੇ ਤੇ ਨਿਗਾਹ ਹੈ ਦੋਸਤੋ।

ਝੂਠਿਆਂ ਨੂੰ ਸੌ ਗਵਾਹ ਝੂਠੇ ਮਿਲਣ,
ਸੱਚਿਆਂ ਦਾ ਰਬ ਗਵਾਹ ਹੈ ਦੋਸਤੋ।

ਸੱਚ ਹੈ, ਦੁਨੀਆਂ ਖੜੀ ਹੈ ਪਿਆਰ ਤੇ,
ਪਿਆਰ ਬਿਨ ਇਹ ਜਗ ਫਨਾਹ ਹੈ ਦੋਸਤੋ।

•

♣

ਇਕ ਵੇਲਾ ਸੀ, ਇਸ਼ਕ ਜਿਹਾ ਸੀ, ਥੇਹਾਂ ਤੇ ਸਹਿਰਾਵਾਂ ਨਾਲ।
ਇਕ ਵੇਲਾ ਹੈ, ਜੀ ਨਾ ਪਰਚੇ, ਵਸਦੇ ਰਸਦੇ ਥਾਵਾਂ ਨਾਲ।

ਇਹ ਦੁਨੀਆਂ ਤਾਂ ਉਹਨਾਂ ’ਤੇ ਹੀ, ਹੱਥੀਂ ਛਾਵਾਂ ਕਰਦੀ ਹੈ,
ਜਿਹੜੇ ਰੁੱਖ ਦੀ ਛਾਂ ਵਾਂਗੂੰ, ਬਦਲ ਜਾਣ ਰੁਖ਼ ਛਾਵਾਂ ਨਾਲ।

ਸਾਰਾ ਦਿਨ ਜੋ ਔਂਸੀਆ ਪਾਵੇ, ਵਾਟਾਂ ਜੋਹੇ ਘੜੀ ਮੁੜੀ,
ਉਸਨੂੰ ਪੁੱਛੋ ਕੀ ਹੁੰਦਾ ਹੈ, ਰਿਸ਼ਤਾ ਕਾਲੇ ਕਾਵਾਂ ਨਾਲ।

ਖਵਰੇ ਕਿੱਥੇ ਤੁਰ ਗਏ ਉਹ ਦਿਨ, ਕਿੱਥੇ ਗਈਆਂ ਉਹ ਗੱਲਾਂ?
ਕੱਠੇ ਬੈਠ ਕੇ ਕਹਿੰਦੇ ਸਾਂ ਜਦ, ਬੰਦਾ ਬੜੈ ਭਰਾਵਾਂ ਨਾਲ।

ਓਹੀ ਸਾਡੇ ਉੱਤੇ ‘ਸੈਣੀ’, ਜ਼ੁਲਮ ਸਿਤਮ ਨਿਤ ਢਾਹੁੰਦੇ ਹਨ,
ਤਖ਼ਤਾਂ ਉੱਤੇ ਬੈਠਣ ਜਿਹੜੇ, ਸਦਾ ਸਾਡੀਆਂ ਰਾਵਾਂ ਨਾਲ।

•

♣

ਮੇਰਾ ਦਿਲ ਬਲ ਰਿਹਾ ਹੈ ਦੋਸਤੋ! ਬਲਦੇ ਸਿਵੇ ਵਾਂਗੂੰ।
ਕਿਸੇ ਦੁਸ਼ਮਨ ਦਾ ਵੀ ਏਦਾਂ, ਬਲੇ ਨਾ ਦਿਲ ਮੇਰੇ ਵਾਂਗੂੰ।

ਉਹ ਜੇਕਰ ਬੇਵਫ਼ਾ ਹੈ, ਫਿਰ ਕੀ ਏ, ਉਹ ਯਾਰ ਹੈ ਮੇਰਾ,
ਉਦ੍ਹੀ ਤਾਂ ਬੇਵਫਾਈ ਵੀ ਹੈ ਮੈਨੂੰ, ਆਸਰੇ ਵਾਂਗੂੰ।

ਉਨੂੰ ਮਿਲਕੇ, ਮੇਰੇ ਦਿਲ ਦਾ ਇਹ ਸਾਗਰ, ਸ਼ਾਂਤ ਕਿੰਜ ਰਹਿੰਦਾ,
ਮੇਰੇ ਜੀਵਨ ’ਚ ਉਹ ਆਇਆ ਸੀ ਗ਼ਮ ਦੇ ਜ਼ਲਜਲੇ ਵਾਂਗੂੰ।

ਉਦ੍ਹੇ ਬੂਹੇ ’ਤੇ ਜਾ ਕੇ ਮੈਂ ਕਦੇ ਦਸਤਕ ਨਾ ਦੇ ਸਕਿਆ,
ਰਿਹਾ ਗੇੜੇ ’ਤੇ ਗੇੜੇ ਮਾਰਦਾ ਉਂਜ ਸਿਰ-ਫਿਰੇ ਵਾਂਗੂੰ।

ਉਦ੍ਹਾ ਨਖ਼ਰਾ, ਉਦ੍ਹੀ ਸ਼ੋਖੀ, ਉਦ੍ਹਾ ਹਾਸਾ, ਅਦਾ ਉਹਦੀ,
ਹਮੇਸ਼ਾ ਆਖ ਜਾਂਦੇ ਨੇ ਬੜਾ ਕੁਝ ਅਣਕਹੇ ਵਾਂਗੂੰ।

ਹੈ ਰੁਤਬਾ ਰੱਬ ਜਿੱਡਾ ਯਾਰ ਦਾ, ਸਭ ਲੋਕ ਆਖਣਗੇ,
ਕਿਤੇ ‘ਸੈਣੀ’ ਜੇ ਹੋਵਣ ਯਾਰ ਸਾਰੇ ਬਸ ਤੇਰੇ ਵਾਂਗੂੰ।

•

♣

ਮੈਂ ਤੈਨੂੰ ਯਾਦ ਕਰ ਕਰ ਕੇ , ਬਥੇਰੀ ਵਾਰ ਰੋਇਆ ਹਾਂ।
ਕਿ ਜਿੱਤੀ ਬਾਜੀ ਹਰ ਹਰ ਕੇ, ਬਥੇਰੀ ਵਾਰ ਰੋਇਆ ਹਾਂ।

ਉਦੋਂ ਵੀ ਬਹੁਤ ਰੋਇਆ ਮੈਂ ਜਦੋਂ ਸਜਣਾ ਤੂੰ ਨਾ ਆਇਉਂ,
ਤੈਨੂੰ ਬੁੱਕਲ ’ਚ ਭਰ ਭਰ ਕੇ, ਬਥੇਰੀ ਵਾਰ ਰੋਇਆ ਹਾਂ।

ਬਥੇਰੀ ਵਾਰ ਤਨਹਾਈ ’ਚ, ਹਸਿਆ ਹਾਂ ਮੈਂ ਅਪਣੇ ’ਤੇ,
ਮੈਂ ਖ਼ੁਦ ਆਪੇ ਤੋਂ ਡਰ ਡਰ ਕੇ, ਬਥੇਰੀ ਵਾਰ ਰੋਇਆ ਹਾਂ।

ਮੈਂ ਅਪਣੇ ਦਿਲਬਰਾਂ ਵਿਚ, ਦੋਸਤਾਂ ਵਿਚ, ਦੁਸ਼ਮਨਾਂ ਵਿਚ ਵੀ,
ਤੇਰੀ ਹਰ ਗੱਲ ਕਰ ਕਰ ਕੇ, ਬਥੇਰੀ ਵਾਰ ਰੋਇਆ ਹਾਂ।

ਕਿਸੇ ਵੀ ਹੋਰ ਸਰਦਲ ’ਤੇ, ਨਹੀਂ ਧਰਿਆ ਮੈਂ ਸਿਰ ਲੇਕਿਨ,
ਤੇਰੀ ਸਰਦਲ ’ਤੇ ਧਰ ਧਰ ਕੇ, ਬਥੇਰੀ ਵਾਰ ਰੋਇਆ ਹਾਂ।

ਨਸ਼ਾ ਵੀ ਕਦ ਭੁਲਾ ਸਕਦਾ ਹੈ, ਦਿਲ ਦੇ ਦਰਦ ਗ਼ਮ ‘ਸੈਣੀ’,
ਨਸ਼ੇ ਦੇ ਜ਼ਾਮ ਭਰ ਭਰ ਕੇ, ਬਥੇਰੀ ਵਾਰ ਰੋਇਆ ਹਾਂ।

•

♣

ਸਾਹਾਂ ਵਾਂਗੂੰ ਰਚ ਕੇ ਮੇਰੇ ਸਾਹਾਂ ਵਿਚ।
ਹੁਣ ਕਿਉਂ ਨਜ਼ਰ ਨ੍ਹੀਂ ਆਉਂਦੈ ਪਿਆਰ ਨਿਗਾਹਾਂ ਵਿਚ?

ਤੇਰੇ ਰਾਹ ਹੁਣ ਵਖਰੇ ਹਨ, ਇਹ ਜਾਣਦਿਆਂ,
ਖ਼ਬਰੈ ਕਿਉਂ ਬੈਠਾ ਮੈਂ ਇਹਨਾਂ ਰਾਹਾਂ ਵਿਚ?

ਯਾ ਰਬ! ਨਿਕਲਣ ਪ੍ਰਾਣ ਜਦੋਂ ਤਾਂ ਐ ਹੋਵੇ,
ਸਿਰ ਉਹਦੀ ਸਰਦਲ ਤੇ, ਅੱਖਾਂ ਰਾਹਾਂ ਵਿਚ।

ਨੀਂਦਰ ਵਰਗੇ ਮਿੱਠੇ ਯਾਰਾ, ਦਿਲ ਕਰਦੈ,
ਮੁੜ ਨਾ ਜਾਗਾਂ, ਸੌਂ ਕੇ, ਤੇਰੀਆਂ ਬਾਹਾਂ ਵਿਚ।

ਕਿਉਂ ਨਾ ਰਬ ਤੋਂ ਪਹਿਲਾਂ ਤੈਨੂੰ ਯਾਦ ਕਰਾਂ,
ਮੇਰਾ ਰਬ ਵਸਦਾ ਹੈ, ਤੇਰੀਆਂ ਚਾਹਾਂ ਵਿਚ।

ਉਹਨਾਂ ਕੀ ਲੈਣਾ ਹੈ ਜਗ ਦੇ ਮੇਲੇ 'ਚੋਂ,
ਤੇਰੀ ਸੂਰਤ ਵੱਸੇ ਜਿਨ੍ਹਾਂ ਨਿਗਾਹਾਂ ਵਿਚ।

ਇਕ ਦੂਜੇ ਦੇ ਦਿਲ ਵਿਚ 'ਸੈਣੀ' ਵਸ ਜਾਈਏ,
ਅਮਰ ਨਸ਼ਾ ਹੈ ਇਹਨਾਂ ਅਮਰ ਪਨਾਹਾਂ ਵਿਚ।

•

♣

ਯਾਰ ਦੇ ਰਾਹਾਂ ਦੇ ਵਿਚ, ਦਰਿਆ ਵੀ ਕੀ? ਸਹਿਰਾ ਵੀ ਕੀ?
ਇਸ਼ਕ ਦੇ ਈਸਾ ਲਈ, ਸੂਲੀ ਵੀ ਕੀ? ਫ਼ਾਹਾ ਵੀ ਕੀ?

ਮੀਸਣਾ ਜਿਹਾ ਮੂੰਹ ਬਣਾ ਕੇ, ਹਾਲ ਜਦ ਪੁਛਿਆ ਉਨ੍ਹੇ,
'ਠੀਕ ਹੀ ਹੈ' ਕਹਿਣ ਬਾਝੋਂ, ਹੋਰ ਮੈਂ ਕਹਿੰਦਾ ਵੀ ਕੀ?

ਇਹ ਤਾਂ ਸਚ ਹੈ ਤੂੰ ਦਗਾ ਕੀਤਾ ਹੈ, ਲੇਕਿਨ ਦੋਸਤਾ,
ਏਸ ਗੱਲ ਦਾ ਥਾਂ-ਕੁ-ਥਾਂ ਦੱਸ, ਮੈਂ ਕਰਾਂ ਚਰਚਾ ਵੀ ਕੀ?

ਵੇਖਿਆ ਮੈਂ ਯਾਰ ਦਾ ਹਥ, ਗ਼ੈਰ ਦੇ ਹਥ ਵਿਚ ਜਦੋਂ,
ਦਿਲ 'ਤੇ ਨਾ ਧਰਦਾ ਜੇ ਪੱਥਰ, ਹੋਰ ਮੈਂ ਕਰਦਾ ਵੀ ਕੀ?

ਸ਼ੁਕਰੀਆ ਜੋ ਹਾਲ ਪੁੱਛਣ ਭੇਜਿਆ ਬੱਚੇ ਨੂੰ ਤੈਂ,
ਓਸ ਨੂੰ ਦਸਦਾ ਵੀ ਕੀ? ਮੈਂ ਓਸ ਤੋਂ ਪੁਛਦਾ ਵੀ ਕੀ?

ਰੋਲ਼ ਕੇ ਮਿੱਟੀ 'ਚ ਮੈਨੂੰ, ਹੋਂਦ ਮੇਰੀ ਮੇਟ ਕੇ,
ਆਖਦੈ ਹਾਲੇ ਵੀ ਉਹ, ਛਡਿਆ ਵੀ ਕਰ, ਹੋਇਆ ਵੀ ਕੀ?

ਜੀ ਤਾਂ ਕਰਦਾ ਸੀ ਕਿ ਤੈਥੋਂ, ਪੁਛ ਲਵਾਂ ਅਪਣੀ ਖ਼ਤਾ,
ਪਰ ਤੂੰ ਪੱਥਰ ਦਾ ਖ਼ੁਦਾ ਸੈਂ, ਤੇਰੇ ਤੋਂ ਪੁਛਦਾ ਵੀ ਕੀ?

•

♣

ਬਾਵਫ਼ਾ ਸਾਂ ਫਿਰ ਵੀ ਮੈਨੂੰ ਹਰ ਸਜ਼ਾ ਦਿੰਦੇ ਰਹੇ।
ਨਿਤ ਨਵਾਂ ਸ਼ੋਸ਼ਾ ਮੇਰੇ ਨਾਂ 'ਤੇ ਉਡਾ ਦਿੰਦੇ ਰਹੇ।

ਉਹ ਮੇਰੇ ਅਪਣੇ ਸੀ ਜਿਹਨਾਂ ਰਹਿਮ ਨਾ ਕੀਤਾ ਰਤਾ,
ਗ਼ੈਰ ਤਾਂ ਹਰ ਚੋਟ 'ਤੇ ਸੀ, ਹੌਸਲਾ ਦਿੰਦੇ ਰਹੇ।

ਅੱਗ ਵਰਗੇ ਬੋਲ ਉਸ, ਬੋਲੇ ਸਦਾ ਦਿਲ ਲੂਹਣ ਨੂੰ,
ਅੱਗ ਵਰਗੇ ਬੋਲ ਪਰ ਸਾਨੂੰ ਮਜ਼ਾ ਦਿੰਦੇ ਰਹੇ।

ਦੋਸਤੋ! ਬੀਮਾਰ ਦੀ ਹਾਲਤ ਸੰਵਰਦੀ ਕਿਸ ਤਰ੍ਹਾਂ,
ਵੈਦ ਹੀ ਦੁਸ਼ਮਨ ਬਣੇ, ਉਲਟੀ ਦਵਾ ਦਿੰਦੇ ਰਹੇ।

ਬਣ ਗਏ ਨੇ ਕਾਤਲਾਂ ਦੇ ਰਾਖੇ ਮੁਨਸਿਫ਼ ਇਸ ਤਰ੍ਹਾਂ,
ਬੇਗੁਨਾਹਾਂ ਤੇ ਹਮੇਸ਼ਾ, ਕਤਲ ਪਾ ਦਿੰਦੇ ਰਹੇ।

ਤਰਲਿਆਂ ਦਾ ਕੀ ਉਹਨਾਂ ਪੱਥਰਾਂ 'ਤੇ ਹੋਣਾ ਸੀ ਅਸਰ,
ਮੇਰਿਆਂ ਹੰਝੂਆਂ ਤੇ ਹੀ ਉਹ ਮੁਸਕਰਾ ਦਿੰਦੇ ਰਹੇ।

ਇਸ ਲਈ ਕਿ ਉਨ੍ਹਾਂ ਬਿਨ, ਸੋਚਾਂ ਕਿਸੇ ਬਾਰੇ ਨਾ ਮੈਂ,
ਉਹ ਰਕੀਬਾਂ ਤੋਂ ਹੀ ਮੈਨੂੰ, ਖ਼ਤ ਲਿਖਾ ਦਿੰਦੇ ਰਹੇ।

ਸਿਰ ਚਲਾ ਜਾਏ ਤਾਂ ਜਾਏ, ਵਚਨ ਨਾ ਜਾਏ ਮੇਰਾ,
ਇਸ ਜਨੂੰ ਵਿਚ ਮਰਦ 'ਸੈਣੀ' ਸਿਰ ਕਟਾ ਦਿੰਦੇ ਰਹੇ।

•

♣

ਭੁਲਾਇਆਂ ਵੀ ਨਾ ਜੋ ਭੁੱਲੇ ਉਹ ਸੂਰਤ ਯਾਦ ਆਉਂਦੀ ਹੈ।
ਜੋ ਬੁੱਝੀ ਨਾ ਗਈ ਸਾਥੋਂ, ਬੁਝਾਰਤ ਯਾਦ ਆਉਂਦੀ ਹੈ।

ਗਿਆ ਬਚਪਨ, ਜਵਾਨੀ ਵੀ, ਰਿਹਾ ਨਹੀਂ ਕੋਲ ਕੁਝ, ਫਿਰ ਵੀ,
ਜੋ ਅਲ੍ਹੜ ਉਮਰ ਵਿਚ ਕੀਤੀ, ਮੁਹੱਬਤ ਯਾਦ ਆਉਂਦੀ ਹੈ।

ਖ਼ੁਦਾ ਨੂੰ ਪੂਜਦੇ ਨੇ ਮੈਂ, ਕਰੇ ਸਿਜਦੇ ਜਦੋਂ ਤੈਨੂੰ,
ਖ਼ੁਦਾ ਦੀ ਛਲ ਕਪਟ ਵਾਲੀ, ਇਬਾਦਤ ਯਾਦ ਆਉਂਦੀ ਹੈ।

ਕਿ ਝਰਨੇ ਵਾਂਗ ਝਰਦਾ ਸੀ, ਜਿਨ੍ਹਾਂ ’ਚੋਂ ਪਿਆਰ ਦਾ ਅਮ੍ਰਿਤ,
ਤੇਰੀ ਉਹ ਨਰਗਸੀ ਨੈਣਾਂ ਦੀ ਦਾਅਵਤ ਯਾਦ ਆਉਂਦੀ ਹੈ।

ਖ਼ੁਦਾ ਦਾ ਨਾਂ ਮੁਹੱਬਤ ਹੈ, ਮੁਹੱਬਤ ਹੈ ਖ਼ੁਦਾ ਯਾਰੋ,
ਇਹ ਮੈਨੂੰ ਰਾਤ ਦਿਨ ਸੁੰਦਰ ਕਹਾਵਤ ਯਾਦ ਆਉਂਦੀ ਹੈ।

ਜ਼ੁਬਾਂ ਤੋਂ ਭਾਵੇਂ ਨਾ ਆਖਾਂ, ਮਗਰ ਇਹ ਸੱਚ ਹੈ ‘ਸੈਣੀ’,
ਤੇਰੀ ਉਲਫ਼ਤ, ਤੇਰੀ ਸੂਰਤ ਤੇ ਸੀਰਤ ਯਾਦ ਆਉਂਦੀ।

•

♣

ਵੇਖਣ ਨੂੰ ਇਹ ਦੁਨੀਆਂ, ਆਲ਼ੀ ਭੋਲ਼ੀ ਹੈ।
ਪਰ ਇਸਨੇ ਹਰ ਦਿਲ ਵਿਚ ਕਾਂਜੀ ਘੋਲ਼ੀ ਹੈ।

ਮੇਰੀ ਹੀ ਬਦਖ਼ੋਈ ਕਰਕੇ ਮੇਰੇ ਕੋਲ,
ਮੇਰੇ ਸਿਵੇ ਦੀ ਉਸਨੇ ਰਾਖ਼ ਫਰੋਲ਼ੀ ਹੈ।

ਨਾ ਲੋਕਾਂ ਦਾ ਦੁੱਖ ਦਿਸਦਾ ਨਾ ਸੁਣਦਾ ਏ,
ਇਹ ਸਰਕਾਰ ਸਮੇਂ ਦੀ ਅੰਨ੍ਹੀ ਬੋਲ਼ੀ ਹੈ।

ਉਂਜ ਆਖਣ ਨੂੰ ਫੈਸ਼ਨ - ਸ਼ੋ ਨੇ, ਪਰ ਵੇਖੋ,
ਅੰਗੀ ਹੈ ਬਦਨ ’ਤੇ, ਮਿੰਨੀ ਚੋਲ਼ੀ ਹੈ।

ਬੁਕ ਬੁਕ ਪੀੜਾਂ ਪਾਕੇ ਤੁਰਦਾ ਹੋਇਆ ਉਹ,
ਜਿਸ ਅੱਗੇ ਵੀ ਮੈਂ ਫੈਲਾਈ ਝੋਲ਼ੀ ਹੈ।

ਬੇਦਰਦੀ ਨਾਲ ਪ੍ਰੀਤ ਲਗਾ ਕੇ ਕੀ ਮਿਲਿਆ,
ਸੋਨੇ ਵਰਗੀ ਇੱਜ਼ਤ, ਧੂੜ ’ਚ ਰੋਲ਼ੀ ਹੈ।

ਵੇਖ ਲਈ ਹੈ ਸਾਰੀ ਦੁਨੀਆਂ ਹੀ ‘ਸੈਣੀ’,
ਸਭ ਨੇ ਦੂਜੇ ਦੀ ਹੀ ਕੰਬਲੀ ਫੋਲ਼ੀ ਹੈ।

•

♣

ਜ਼ਖ਼ਮ ਸੁੱਕੇ ਜੇ ਹੋਵਣ ਹਰੇ, ਤਾਂ ਖ਼ੱਤ ਲਿਖੀਂ।
ਮਿਲਣ ਲਈ ਮੈਨੂੰ ਜੇ ਤੇਰਾ ਦਿਲ ਕਰੇ, ਤਾਂ ਖ਼ੱਤ ਲਿਖੀਂ।

ਉਹ ਨਵੇਂ ਸਾਥੀ, ਨਵੇਂ ਘਰ ਦੀ ਖ਼ੁਸ਼ੀ ਨੂੰ ਮਾਣ ਤੂੰ,
ਜਦ ਇਨ੍ਹਾਂ ਖ਼ੁਸ਼ੀਆਂ ਤੋਂ ਤੇਰਾ ਦਿਲ ਡਰੇ, ਤਾਂ ਖ਼ੱਤ ਲਿਖੀਂ।

ਹਰ ਸਮੇਂ ਬੰਨ੍ਹਦੇ ਨੇ ਦਾਅਵੇ, ਜੋ ਤੇਰੇ ਬਣ ਰਹਿਣ ਦੇ,
ਜਦ ਬਣਨ ਉਹ ਆਸਰੇ, ਬੇ-ਆਸਰੇ, ਤਾਂ ਖ਼ੱਤ ਲਿਖੀਂ।

ਜਦ ਤੂੰ ਡਾਢੇ ਪਿਆਰ ਵਿਚ, ਡਿਗ ਪਏਂ ਕਿਸੇ ਦੀ ਝੋਲ ਵਿਚ,
ਤੇ ਉਹ ਤੈਨੂੰ ਫੇਰ ਵੀ ਨਾ ਚਿੱਤ ਧਰੇ, ਤਾਂ ਖ਼ੱਤ ਲਿਖੀਂ।

ਤਾਂਘ ਹੈ ਹੁਣ ਤਾਂ ਇਹ 'ਸੈਣੀ', ਖ਼ੱਤ ਤੇਰਾ ਕੋਈ ਮਿਲੇ,
ਜਦ ਕਿਤੇ ਤੇਰਾ ਵੀ ਏਦਾਂ ਦਿਲ ਕਰੇ, ਤਾਂ ਖ਼ੱਤ ਲਿਖੀਂ।

♣

ਇਹ ਮੌਸਮ ਵੀ ਕੈਸਾ ਮੌਸਮ ਆਇਆ ਹੈ।
ਹਰ ਇਕ ਚਿਹਰਾ ਮੁਰਝਾਇਆ, ਮੁਰਝਾਇਆ ਹੈ।

ਮੈਨੂੰ ਭਾਵੇਂ ਹਰ ਇਕ ਨੇ ਠੁਕਰਾਇਆ ਹੈ।
ਐਪਰ ਮੈਂ ਹਰ ਇਕ ਨੂੰ ਸੀਨੇ ਲਾਇਆ ਹੈ।

ਏਸ ਤਰ੍ਹਾਂ ਕੁਝ ਧੁਖ ਰਿਹਾ ਹੈ ਦਿਲ ਮੇਰਾ,
ਗਿੱਲਾ ਗੋਹਾ ਜਿਵੇਂ ਕਿਸੇ ਸੁਲਗਾਇਆ ਹੈ।

ਪੰਨਾ ਪੰਨਾ ਇਕ ਪੁਸਤਕ ਦਾ ਪੜ੍ਹ ਕੇ ਵੀ,
ਮੁੜਕੇ ਪੜ੍ਹਿਆਂ, ਕੁਝ ਅਣ-ਪੜ੍ਹਿਆ ਪਾਇਆ ਹੈ।

ਭਰਿਆ ਭਰਿਆ ਲਗਦਾ ਹੈ ਇਹ ਦਿਲ ਮੇਰਾ,
ਖਵਰੇ ਅਜ ਫਿਰ ਕਿਸ ਦਾ ਚੇਤਾ ਆਇਆ ਹੈ?

ਸੁਣਦੇ ਸਾਂ ਕਿ ਹੜ੍ਹ ਆਇਆ ਨਾ ਰੁਕਦਾ ਏ,
ਪਲਕਾਂ ਨੇ ਅਜ ਇਸ ਗੱਲ ਨੂੰ ਝੁਠਲਾਇਆ ਹੈ।

ਚੁਗਲੀ, ਲੜਕੀ, 'ਚਾਹ-ਪਾਣੀ' ਤੇ ਜਾਂ ਬੋਤਲ,
ਜਿੱਧਰ ਵੇਖੋ ਇਹਨਾਂ ਦੀ ਹੀ ਮਾਇਆ ਹੈ।

ਐ 'ਸੈਣੀ' ਮੈਂ ਜਿਸਦੇ ਲੂੰ ਲੂੰ ਰਮਿਆ ਸਾਂ,
ਖਵਰੇ ਉਸਨੇ ਮੈਨੂੰ ਕਿੰਜ ਭੁਲਾਇਆ ਹੈ?

•

♣

ਜਾਓ ਜਾਓ ਕੀ ਵਿੰਹਦੇ ਹੋ, ਜਾਓ ਜਾਓ ਜਾਓ ਯਾਰੋ।
ਮੇਰਾ ਪੈਂਡਾ ਕਰੋ ਨਾ ਖੋਟਾ, ਨਾ-ਹਕ ਨਾ ਤੜਪਾਓ ਯਾਰੋ।

ਕਾਸ਼ੀ ਕਾਬੇ ਵਿਚ ਕੀ ਮਿਲਣਾ, ਧਰਮਾਂ ਦੇ ਝਗੜੇ ਦੇ ਬਾਝੋਂ,
ਮੇਰੇ ਲਈ ਯਾਰ ਦਾ ਮੱਕਾ, ਮੈਨੂੰ ਉਸ ਰਾਹ ਪਾਓ ਯਾਰੋ।

ਮਾਰੋ ਮਾਰੋ ਮਾਰੋ ਛੁਰੀਆਂ, ਸ਼ਿਕਵਾ ਕਾਹਦਾ, ਝਾਕਾ ਕੇਹਾ,
ਜਿੱਦਾਂ ਵੀ ਦਿਲ ਪਰਚੇ ਤੁਹਾਡਾ, ਓਦਾਂ ਹੀ ਪਰਚਾਓ ਯਾਰੋ।

ਖੁਸ਼ੀਆਂ, ਖੇੜੇ, ਜਜ਼ਬੇ, ਸਧਰਾਂ, ਲੈ ਲਓ ਸੱਭੇ ਲੈ ਲਓ ਬੇਸ਼ਕ,
ਪਰ ਜਿਹੜੇ ਨੇ ਦਰਦ ਯਾਰ ਦੇ, ਨਾ ਉਹ ਦਰਦ ਵੰਡਾਓ ਯਾਰੋ।

ਮੈਂ ਮੱਕੀ ਦੇ ਵਾਂਗਰ ਭੁਜ ਕੇ, ਖਿੜ ਖਿੜ ਹਸਦਾਂ, ਖੁਸ਼ ਹੁੰਦਾ ਹਾਂ,
ਮੇਰੀਆਂ ਪੀੜਾਂ ਸੌਂ ਨਾ ਜਾਵਣ, ਮੈਂ ਤੱਤੇ ਨੂੰ ਤਾਓ ਯਾਰੋ।

ਮੇਰੇ ਖ਼ਾਬਾਂ ਦੀ ਦੁਨੀਆਂ ਨੂੰ 'ਸੈਣੀ' ਲਾਂਬੂ ਲਾਉਣ ਵਾਸਤੇ,
ਕੌੜੀ ਨਿਮ ਦੀ ਥੋੜੀ ਥੋੜੀ, ਲਕੜੀ ਸਾਰੇ ਪਾਓ ਯਾਰੋ।

•

♣

ਤੈਨੂੰ ਕੀ ਤਸ਼ਬੀਹ ਦੇਵਾਂ, ਤੂੰ ਕਾਹਦੇ ਵਰਗਾ?
ਜਿਸਦਾ ਨਾ ਕੋਈ ਸਾਨੀ ਤੂੰ ਉਸ ਸੁਹਣੇ ਵਰਗਾ।

'ਪੱਥਰ-ਦਿਲ ਇਨਸਾਨ' ਕਿਵੇਂ ਮੈਂ ਆਖਾਂ ਤੈਨੂੰ,
ਦਿਲ ਤੇਰਾ ਹੈ ਕਿਸੇ ਪਹਾੜੀ ਚਸ਼ਮੇ ਵਰਗਾ।

ਪਿਆਰ-ਤਰੰਗਾਂ ਉੱਠਣ ਜਿਸ ਦੇ ਵਿਚ ਹਰ ਵੇਲੇ,
ਤੇਰਾ ਹਿਰਦਾ ਹੈ ਸਾਗਰ ਦੇ ਹਿਰਦੇ ਵਰਗਾ।

ਤੂੰ ਪੱਥਰ ਦੀ ਨਜ਼ਰ ਨਾਲ ਨਾ ਵੇਖੀ ਇਹਨੂੰ,
ਟੁੱਟ ਜਾਏਗਾ, ਦਿਲ ਮੇਰਾ ਹੈ ਸ਼ੀਸ਼ੇ ਵਰਗਾ।

ਮ੍ਰਿਗ-ਤ੍ਰਿਸ਼ਨਾ ਆਖੋ, ਭਾਵੇਂ ਕਹੋ ਤਸੱਵਰ,
ਉਸ ਦਾ ਮੇਲ ਹੈ, ਮਿੱਠੇ ਪਿਆਰੇ ਸੁਫਨੇ ਵਰਗਾ।

ਨਜ਼ਰ ਕਿਸੇ ਦੀ ਜਿਸ' ਤੇ ਕਦੇ ਟਿਕ ਸਕੇ ਨਾ ਇਕ ਪਲ,
ਤੂੰ ਏ ਚਮਕਦਾ ਨੂਰ, ਸੁਨਹਿਰੀ ਹੀਰੇ ਵਰਗਾ।

ਆਪੋ ਵਿਚ ਗਲਵੱਕੜੀ ਪਾ ਕੇ ਇਉਂ ਲੱਗਦਾ ਹੈ,
ਅਸਲੋਂ ਯਾਰਾ! ਤੂੰ ਕੁਦਰਤ ਦੇ ਤੋਹਫੇ ਵਰਗਾ।

ਅਪਣੀ ਬੁੱਕਲ ਵਿੱਚ ਛੁਪਾ ਲੈ ਤੂੰ 'ਸੈਣੀ' ਨੂੰ,
ਬਣਕੇ ਰਹੁ ਹਮੇਸ਼ ਇਹ 'ਦਿਲ ਦੇ ਟੁਕੜੇ' ਵਰਗਾ।

•

ਮੈਂ ਗਿਆ ਬੀਤਿਆ ਵਕਤ ਵੀ ਤਾਂ ਨਹੀਂ,
ਦੋਸਤੋ! ਆਦਮੀ ਮੈਂ ਬੁਰਾ ਵੀ ਨਹੀਂ।
ਬਾ-ਵਫ਼ਾ ਨਾ ਸਹੀ, ਬੇ-ਵਫ਼ਾ ਵੀ ਨਾ ਕਹਿ,
ਇਹ ਹੈ ਸੱਚ ਬਾਤ, ਮੈਂ ਬੇ-ਵਫ਼ਾ ਵੀ ਨਹੀਂ।

ਤੂੰ ਹਰ ਇਕ ਐਸੀ ਗੱਲ, ਮੇਰੇ ਮੜ੍ਹ ਦਿੱਨੈ ਗਲ਼,
ਜਿਸਨੂੰ ਮੇਰੇ ਫ਼ਰਿਸ਼ਤੇ ਨਹੀਂ ਜਾਣਦੇ,
ਓਸ ਗੱਲ ਦਾ ਮੈਰੇ ਨਾਲ ਹੁੰਦਾ ਕਦੇ,
ਨੇੜੇ ਕੀ, ਦੂਰ ਦਾ ਵਾਸਤਾ ਵੀ ਨਹੀਂ।

ਹਰ ਘੜੀ ਮੈਨੂੰ ਤੂੰ ਕੋਸਦੈਂ ਕਾਸਤੋਂ?
ਕਿਹੜੀ ਗੱਲੋਂ ਸੁਜਾਈ ਤੂੰ ਮੂੰਹ ਰੱਖਦੈਂ,
ਮੈਂ ਤਾਂ ਸੁਫਨੇ 'ਚ ਵੀ ਤੈਨੂੰ ਮੇਰੇ ਸਨਮ,
ਮਾੜਾ ਦਸਿਆ, ਬੁਰਾ ਆਖਿਆ ਵੀ ਨਹੀਂ।

ਮੈਂ ਜਿਵੇਂ ਤੈਨੂੰ ਚਾਹਿਆ ਤੂੰ ਕੀ ਜਾਣਦੈਂ,
ਪੂਜਾ ਕੀਤੀ ਕਿਵੇਂ ਤੈਨੂੰ ਰਬ ਜਾਣ ਕੇ,
ਉੱਥੇ ਤਕ ਪਹੁੰਚਣੀ ਹੈ ਤੇਰੀ ਸੋਚ ਕੀ,
ਤੂੰ ਸਮਝਿਆ ਨਹੀਂ, ਸੋਚਿਆ ਵੀ ਨਹੀਂ।

ਤੂੰ ਇਹ ਲਖ ਵਾਰ ਕਹਿ ਕਿ ਮੈਂ ਕੋਈ ਵੀ ਗੱਲ,
ਆਪਣੇ ਦਿਲ ਨੂੰ ਲਾਉਂਦਾ ਨਹੀਂ ਭੁੱਲ ਕੇ,
ਇਹ ਹਕੀਕਤ ਹੈ ਕਿਹ ਤੂੰ ਕਿਸੇ ਗੱਲ 'ਤੇ,
ਮੈਨੂੰ ਭੁੱਲ ਕੇ ਕਦੇ ਬਖ਼ਸ਼ਿਆ ਵੀ ਨਹੀਂ।

ਇਹਨੂੰ ਸਭ ਕੁਝ ਪਤਾ ਹੈ, ਪਤਾ ਹੁੰਦਿਆਂ,
ਫਿਰ ਵੀ ਖ਼ਾਮੋਸ਼ ਬੈਠਾ ਹੈ 'ਸੈਣੀ' ਤੇਰਾ,
ਮੇਰੀ ਜ਼ਿੰਦਾ-ਦਿਲੀ ਦੇ ਤੂੰ ਕੁਰਬਾਨ ਜਾ,
ਤੈਨੂੰ ਪੁੱਛਿਆ ਨਹੀਂ, ਟੋਕਿਆ ਵੀ ਨਹੀਂ।

♣

ਇਹ ਦੁਨੀਆਂ ਹੈ ਪੱਥਰ ਦਿਲਾਂ ਦੀ ਹੀ ਦੁਨੀਆਂ,
ਇਹਨੂੰ ਦਿਲ ਦਿਖਾਵਣ ਦੀ ਕੋਸ਼ਿਸ਼ ਨਾ ਕਰਨਾ।
ਮੇਰੇ ਯਾਰੋ! ਖੁਸ਼ੀਆਂ ਤੇ ਪਹਿਰੇ ਨੇ ਇੱਥੇ,
ਖੁਸ਼ੀਆਂ ਮਨਾਵਣ ਦੀ ਕੋਸ਼ਿਸ਼ ਨਾ ਕਰਨਾ।

ਦਿਲਾ! ਯਾਦ ਰੱਖੀਂ ਤੂੰ ਦੁਖ ਅਪਣੇ ਦਿਲ ਦਾ,
ਕਿਸੇ ਨੂੰ ਸੁਣਾਵਣ ਦੀ ਕੋਸ਼ਿਸ਼ ਨਾ ਕਰਨਾ।
ਹਰ ਇਕ ਦੀ ਨਜ਼ਰ ਵਿਚ ਹੈ ਨਫ਼ਰਤ ਤੇ ਧੋਖਾ,
ਤੂੰ ਨਜ਼ਰਾਂ ਮਿਲਾਵਣ ਦੀ ਕੋਸ਼ਿਸ਼ ਨਾ ਕਰਨਾ।

ਹੈ ਬਖ਼ਸ਼ਿਸ ਤੇਰੀ, ਮਿਹਰਬਾਨੀ ਹੈ ਸਜਣਾ,
ਕਿ ਦਿਲ ਵਿਚ ਕੁਝ ਵੀ ਸਬੂਤਾ ਨਹੀਂ ਹੈ,
ਇਹ ਧੁਖ਼ ਧੁਖ਼ ਕੇ ਹੀ ਰਾਖ਼ ਹੋਇਆ ਪਿਆ ਹੈ,
ਇਹਨੂੰ ਮੁੜ ਜਲਾਵਣ ਦੀ ਕੋਸ਼ਿਸ਼ ਨਾ ਕਰਨਾ।

ਮੇਰੇ ਦਿਲ ਦੇ ਜ਼ਖ਼ਮਾਂ ’ਤੇ ਨਸ਼ਤਰ ਚਲਾ ਤੂੰ,
ਮੇਰੇ ਦਿਲ ਦੇ ਜ਼ਖ਼ਮਾਂ ’ਤੇ ਪਾਈ ਜਾ ਮਿਰਚਾਂ,
ਮੇਰੀ ਜਾਨ ਲੈ ਲੈ, ਚੁਰਾ ਚੈਨ ਬੇਸ਼ਕ,
ਤੂੰ ਨਜ਼ਰਾਂ ਚੁਰਾਵਣ ਦੀ ਕੋਸ਼ਿਸ਼ ਨਾ ਕਰਨਾ।

ਤੇਰੇ ਪਿਆਰ ਕਰਨੇ ਦੇ ਢੰਗ ਤੋਂ ਮੈਂ ਸਦਕੇ,
ਤੂੰ ਝਿੜਕੇਂ ਵੀ ਪਰ ਰੋਣ ਵੀ ਨਾ ਤੂੰ ਦੇਵੇਂ,
ਤੇਰੀ ਹਰ ਅਦਾ ਤੋਂ ਮੈਂ ਵਾਕਫ਼ ਹਾਂ ਪੂਰਾ,
ਬਹਾਨੇ ਬਣਾਵਣ ਦੀ ਕੋਸ਼ਿਸ਼ ਨਾ ਕਰਨਾ।

ਜਿਵੇਂ ਤੈਨੂੰ ਪਾਣਾ ਸੀ ਔਖਾ ਉਵੇਂ ਹੀ,
ਤੈਨੂੰ ਭੁੱਲ ਜਾਣਾ ਵੀ ਔਖਾ ਬੜੈ ਪਰ,
ਮੈਂ ਕੋਸ਼ਿਸ਼ ਕਰਾਂਗਾ, ਓ ਭੁੱਲ ਜਾਣ ਵਾਲੇ,
ਤੂੰ ਫਿਰ ਯਾਦ ਆਵਣ ਦੀ ਕੋਸ਼ਿਸ਼ ਨਾ ਕਰਨਾ।

ਤਮੰਨਾ ਹੈ ਮੇਰੇ ਤਾਂ ਦਿਲ ਦੀ ਇਹ 'ਸੈਣੀ',
ਕਿ ਖੁਸ਼ੀਆਂ ਤੇ ਚਾਵਾਂ 'ਚ ਖੇਡੇਂ ਸਦਾ ਤੂੰ,
ਮੇਰੀ ਇਹ ਤਬਾਹੀ ਕਦੇ ਭੁੱਲ ਕੇ ਵੀ,
ਤੂੰ ਦਿਲ ਤੇ ਲਿਆਵਣ ਦੀ ਕੋਸ਼ਿਸ਼ ਨਾ ਕਰਨਾ।

•

♣

ਸਮਾਂ ਹੀ ਇਸ ਤਰ੍ਹਾਂ ਦਾ ਹੈ, ਕਰੇ ਵੀ ਕੀ ਭਲਾ ਕੋਈ?
ਭਲੇ ਵੱਟੇ ਭਲਾ ਕਰਨੇ ਦੀ, ਕਦ ਹੈ ਸੋਚਦਾ ਕੋਈ?

ਰਲੇ ਕਾਤਲ ਤੇ ਹਾਕਮ ਨੇ, ਤੇ ਮੁਨਸਿਫ਼ ਮੀਟੀਆਂ ਅੱਖਾਂ,
ਖ਼ਤਾ ਕੋਈ ਕਰੇ ਇੱਥੇ ਮਗਰ ਭੁਗਤੇ ਸਜ਼ਾ ਕੋਈ।

ਇਧਰ ਗੋਲੀ, ਉਧਰ ਗੋਲੀ, ਅਜਿਹੇ ਹਾਲਾਤ ਵਿਚ ਦੱਸੋ,
ਕਿਸੇ ਭਟਕੇ ਮੁਸਾਫਿਰ ਨੂੰ, ਦਵੇ ਕੀ ਆਸਰਾ ਕੋਈ?

ਪਤਾ ਨਹੀਂ ਯਾਰ ਮੇਰੇ ਕਿਉਂ ਭੁਲਾ ਬੈਠੇ ਨੇ ਇਸ ਗੱਲ ਨੂੰ,
ਸਦਾ ਅਪਣੇ ਤੇ ਹੀ ਹੁੰਦਾ, ਜੇ ਹੁੰਦਾ ਹੈ ਗਿਲਾ ਕੋਈ।

ਕੋਈ ਮਰਕੇ ਵੀ ਜਿਉਂਦਾ ਹੈ, ਅਜਿਹਾ ਕਰਮ ਹੈ ਉਸਦਾ,
ਕਿਤੇ ਜਿਉਂਦੇ ਜੀ, ਲਾਲਚ ਵਿੱਚ ਆਕੇ ਮਰ ਗਿਆ ਕੋਈ।

ਹੈ ਪੈਸਾ ਰੁਲ਼ ਰਿਹਾ ਕਿਧਰੇ, ਭਰੇ ਲਾਕਰ ਨੇ ਨੋਟਾਂ ਥੀਂ,
ਇਸੇ ਦੁਨੀਆਂ 'ਚ ਭੁੱਖਾਂ ਨਾਲ 'ਸੈਣੀ', ਮਰ ਰਿਹਾ ਕੋਈ।

•

♣

ਰਬ ਨੇ ਆਪ ਬਣਾਈ ਔਰਤ।
ਤਾਂ ਹੀ ਜਗ ਦੀ ਜਾਈ ਔਰਤ।

ਚੰਗੇ ਚੰਗੇ ਲਗਦੇ ਸਭ ਨੂੰ,
ਅਪਣੇ ਬਾਲ, ਪਰਾਈ ਔਰਤ।

ਪੀਰ-ਫ਼ਕੀਰ ਤੇ ਜੋਗੀ-ਜੰਗਮ,
ਸਭ ਦੇ ਮਨ ਨੂੰ ਭਾਈ ਔਰਤ।

ਬਾਕੀ ਸਭ ਕੁਝ ਭੁੱਲ ਜਾਂਦਾ ਹੈ,
ਜਾਂਦੀ ਨਈਂ ਭੁਲਾਈ ਔਰਤ।

ਤਾਰੇ ਦਿਨੇ ਵਿਖਾ ਗਈ ਅਕਸਰ,
ਜਦ ਆਈ ਤੇ ਆਈ ਔਰਤ।

ਸਭ ਕੁਝ ਹਸ ਹਸ ਦਸ ਦੇਵੇ ਪਰ,
ਰਖਦੀ ਪਿਆਰ ਛੁਪਾਈ ਔਰਤ।

ਇਸ ਨੂੰ ਪਿਆਰ ਦੀ ਭੁੱਖ ਹੈ ਕੇਵਲ,
ਚਾਹੇ ਨਾ ਇਕ ਪਾਈ ਔਰਤ।

ਉਸ ਦੀ ਪੱਟੀ-ਮੇਸ਼ ਹੈ ਹੋਈ,
ਜਿਸ ਵੀ ਕਦੇ ਸਤਾਈ ਔਰਤ।

'ਸੈਣੀ' ਇਸ ਦੀ ਰੀਸ ਨਹੀਂ ਹੈ,
ਰੱਬੀ ਦੇਣ ਖ਼ੁਦਾਈ ਔਰਤ।

•

♣

ਹੌਲੀ ਬੋਲ ਤੂੰ ਆਖਾ ਮੰਨ।
ਕੰਧਾਂ ਨੂੰ ਵੀ ਹੁੰਦੇ ਕੰਨ।

ਮਰਦੈ ਕੌਣ ਕਿਸੇ ’ਤੇ ਯਾਰ,
ਐਵੇਂ ਨਾ ਤੂੰ ਦਾਈਏ ਬੰਨ।

ਓਨਾ ਪੱਕਾ ਨੇਤਾ ਜਾਣ,
ਜਿੰਨੇ ਉਹਦੇ ਕੱਚੇ ਕੰਨ।

ਅਜ-ਕਲ੍ਹ ਜੇ ਕੰਮ ਕਢਣੈ ਤਾਂ,
ਗੱਲਾਂ ਨਾਲ ਪਤਾਸੇ ਭੰਨ।

ਆਖਰ ਨੂੰ ਛਡ ਜਾਣਾ ਜੱਗ,
ਕਿੰਨੇ ਮੋਹ ਦੇ ਰੱਸੇ ਬੰਨ।

ਚੰਨ ਵੀ ਤੈਨੂੰ ਆਖਾਂ ਕਿੰਜ,
ਤੇਰੇ ਸਾਹਵੇਂ ਕੀ ਏ ਚੰਨ?

ਡੋਬੇ ਸੋਕੇ ਅਪਣੇ ਦੇਸ਼,
‘‘ਆਈ ਜੰਨ ਤਾਂ ਬਿੱਧੋ ਕੰਨ।

ਆਪਣੇ ਦੇਸ਼ ’ਚ ਗੁੰਡਿਆਂ ਲਈ,
ਨਾ ਹੀ ਸਜਾ ਤੇ ਨਾ ਹੀ ਡੰਨ।

•

♣

ਆਪਣੇ ਹੀ ਗੀਤ ਗਾਇਆ ਨਾ ਕਰੋ।
ਆਪ ਨੂੰ ਸਿਰ ’ਤੇ ਚੜ੍ਹਾਇਆ ਨਾ ਕਰੋ।

ਝੂਠ ਸੁਣ ਕੇ ਹਿਣਹਿਣਾਇਆ ਨਾ ਕਰੋ।
ਸੱਚ ਸੁਣਕੇ ਤਿਲਮਿਲਾਇਆ ਨਾ ਕਰੋ।

ਦੂਜਿਆਂ ਦਾ ਦਿਲ ਦੁਖਾਇਆ ਨਾ ਕਰੋ,
ਚੈਨ ਅਪਣਾ ਵੀ ਗੁਆਇਆ ਨਾ ਕਰੋ।

ਆਪਣੇ ਔਗੁਣ ਛਪਾਉਣ ਵਾਸਤੇ,
ਦੂਜਿਆਂ ਦੇ ਗੁਣ ਛੁਪਾਇਆ ਨਾ ਕਰੋ।

ਹੈ ਅਜੇ ‘ਅੱਲੀ’ ਤੁਹਾਡੀ ਸ਼ਾਇਰੀ,
ਏਸ ਨੂੰ ‘ਅੱਲਾਹ’ ਬਣਾਇਆ ਨਾ ਕਰੋ।

ਆਪਣੇ ਸ਼ਿਅਰਾਂ ਦੀਆਂ ਦੇ ‘ਉਕਤੀਆਂ’,
ਅਪਣਾ ਮੌਜੂ ਉਡਾਇਆ ਨਾ ਕਰੋ।

‘ਡਗਰੀ’ ਦਾ ਤੇ ‘ਸ਼ਾਇਰੀ’ ਦਾ ਮੇਲ ਕੀ,
‘ਸ਼ਾਇਰੀ’ ’ਤੇ ‘ਡਿਗਰੀ’ ਲਗਾਇਆ ਨਾ ਕਰੋ।

ਆਪ ਵੀ ਐ ਸੈਣੀ ਸਾਹਿਬ! ਇਸ ਤਰ੍ਹਾਂ,
‘ਢੋਲ ’ਤੇ ਡੱਗੇ’ ਲਗਾਇਆ ਨਾ ਕਰੋ।

•

♣

ਤੇਰੀ ਦੁਨੀਆਂ ਅੰਦਰ ਰੱਬਾ! ਕੈਸੇ ਕੈਸੇ ਰਹਿੰਦੇ ਲੋਕ।
ਠੂੰਹੇਂ ਵਾਂਗੂ ਡੰਗ ਮਾਰ ਕੇ, ਅਪਣੇ ਬਣ ਬਣ ਬਹਿੰਦੇ ਲੋਕ।

ਦੂਜੇ ਦੀਆਂ ਤਾਂ ਚੰਗੀਆਂ ਗੱਲਾਂ, ਮਾੜੀਆਂ ਦੱਸ ਕੇ, ਹਸਦੇ ਰਹਿਣ,
ਲੇਕਿਨ ਅਪਣੀ ਭੈੜੀ ਗੱਲ ਵੀ, ਚੰਗੀ ਚੰਗੀ ਕਹਿੰਦੇ ਲੋਕ।

ਜਿੰਨ੍ਹਾਂ ਮਰਜ਼ੀ ਇਹਨਾਂ ਤਾਈਂ, ਦੁੱਧ ਪਿਆ ਕੇ ਵੇਖ ਲਓ ਪਰ,
ਇਹ ਬੁੱਕਲ ਦੇ ਸੱਪ ਕਦੇ ਨਾ, ਡੰਗ ਮਾਰਨੋਂ ਰਹਿੰਦੇ ਲੋਕ।

ਅਪਣਾ ਆਪ ਬਚਾ ਕੇ ਰੱਖੋ, ਪਾਸਾ ਵੱਟੋ ਲੱਖ ਤੁਸੀਂ,
ਲੇਕਿਨ ਇਹ ਬਦਜ਼ਾਤ ਹਮੇਸ਼ਾ, ਖੀਂਘਰ ਵਾਂਗੂੰ ਖਹਿੰਦੇ ਲੋਕ।

ਅਪਣੇ ਨਕ ਥੱਲੇ ਜੋ ਹੁੰਦੈ, ਵੇਖ ਕੇ ਅੱਖਾਂ ਮੀਟ ਇਹ ਲੈਣ,
ਅਣਹੋਈਆਂ ਗੱਲਾਂ ਵੀ ਐਪਰ, ਇਹ ਦੂਜੇ ਨੂੰ ਕਹਿੰਦੇ ਲੋਕ।

ਇਹਨਾਂ ਦੀ ਹਾਲਤ ਕੀ ਦੱਸਾਂ, ਇਹ ਤਾਂ ਐਸੇ ਅਹਿਮਕ ਨੇ,
ਬੇਸ਼ਕ ਮੂੰਹ ਤੇ ਡਿੱਗੇ, ਪਰ ਨਾ ਚੰਨ ਤੇ ਥੁਕਣੋਂ ਰਹਿੰਦੇ ਲੋਕ।

ਖਾਈ ਖੋਦਣ ਜੋ ਦੂਜੇ ਲਈ, ਖ਼ੁਦ ਖੂਹ ਵਿਚ ਡਿਗ ਪੈਂਦੇ ਨੇ,
ਐ 'ਸੈਣੀ' ਤੂੰ ਮਸਤ ਰਿਹਾ ਕਰ, ਕਹਿਣ ਦੇ ਜੋ ਹਨ ਕਹਿੰਦੇ ਲੋਕ।

•

♣

ਇਸ਼ਕ ਦੀ ਹੁਣ ਗੱਲ ਨਾ ਛੇੜੋ ਜਨਾਬ।
ਮੁੱਦਤਾਂ ਦਾ ਤੁਰ ਗਿਆ ਆ ਕੇ ਸ਼ਬਾਬ।

ਅਣਖ ਦੇ ਵੱਟੇ ਮੈਂ ਪੀ ਸਕਦਾ ਨਹੀਂ,
ਸਾਕੀਆ! ਤੂੰ ਸਾਂਭ ਰੱਖ ਅਪਣੀ ਸ਼ਰਾਬ।

ਖ਼ੂਨ ਬਦਲੇ ਖ਼ੂਨ, ਹਲ ਤਾਂ ਨਹੀਂ, ਮਗਰ,
ਖ਼ੂਨ 'ਚੋਂ ਹੀ ਜਨਮ ਲੈਂਦੇ ਇਨਕਲਾਬ।

ਜੋ ਕਦੇ ਨਹੀਂ ਮੁਸ਼ਕਿਲਾਂ ਨੂੰ ਗੌਲਦਾ,
ਦੋਸਤੋ! ਪੰਜਾਬ ਹੈ ਆਖ਼ਰ ਪੰਜਾਬ।

ਹਰ ਹਕੀਕਤ ਖ਼ੁਆਬ ਹੋ ਸਕਦੀ ਨਹੀਂ,
ਬਣ ਨਹੀਂ ਸਕਦਾ ਹਕੀਕਤ ਹਰ ਖ਼ੁਆਬ।

ਸ਼ਿਅਰ ਤੇਰੇ, ਸ਼ਿਅਰ ਤੇਰੇ 'ਸੈਣੀਆ',
ਹਰ ਉਡਾਰੀ ਹੀ ਇਨ੍ਹਾਂ ਦੀ ਲਾ-ਜਵਾਬ।

•

♣

ਬਿਨ ਪੜ੍ਹਿਆਂ ਇਕ ਅਵੱਲ ਆਇਆ, ਦੂਜਾ ਪੜ੍ਹ ਪੜ੍ਹ ਫੇਲ ਹੋ ਗਿਆ।
ਭਰਿਸ਼ਟਾਚਾਰ ਦਾ ਗਿਠ ਕੁ ਟੋਟਾ, ਵਧ ਕੇ ਅੰਬਰ ਵੇਲ ਹੋ ਗਿਆ।

ਬੇਰੁਜ਼ਗਾਰ ਪਤੀ ਦੀ ਪਤਨੀ, ਦਫਤਰ ਦੇ ਵਿਚ ਬਾਊ ਬਣ ਗਈ,
ਯਾਨੀ ਰੇਲ ਤਾਂ ਬਣ ਗਈ ਇੰਜਣ, ਲੇਕਿਨ ਇੰਜਣ ਰੇਲ ਹੋ ਗਿਆ।

ਹੋਰ ਸਮਾਂ ਸੀ ਜਦ ਵਿਕ ਜਾਣਾ, ਮਰਨੋਂ ਵੱਧ ਬੁਰਾ ਮੰਨਦੇ ਸੀ,
ਹੁਣ ਸਿਆਸਤ-ਮੰਡੀ ਵਿਚ ਵਿਕਣਾ, ਨੇਤਾਵਾਂ ਲਈ ਖੇਲ ਹੋ ਗਿਆ।

ਦੋਹੀਂ ਹੱਥੀਂ ਲੁੱਟ ਰਹੇ ਨੇ, ਹੁਣ ਨਹੀਂ ਖ਼ੈਰ ਵਤਨ ਦੀ ਲੋਕੋ,
ਚੋਰ-ਉਚੱਕੇ ਅਤੇ ਚੌਧਰੀ ਦਾ ਹੈ ਪੱਕਾ ਮੇਲ ਹੋ ਗਿਆ।

ਜਿਸਨੇ ਸੱਚ ਨੂੰ ਸੱਚ ਕਿਹਾ ਤੇ ਹੱਕਦਾਰਾਂ ਲਈ ਜੋ ਹੈ ਲੜਿਆ,
ਜਾਂ ਉਹ ਫਾਂਸੀ ਗਿਆ ਲਟਕਾਇਆ, ਜਾਂ ਉਮਰ ਲਈ ਜੇਲ ਹੋ ਗਿਆ।

ਰਾਸ਼ਨ ਦੇ ਡੀਪੂ ਤੇ ਜਦ ਵੀ ਰਾਸ਼ਨ ਆਉਂਦੈ, ਸ਼ਾਮ ਨੂੰ ਆਉਂਦੈ,
ਦਿਨ ਚੜ੍ਹਦੇ ਪਰ ਲਿਖਿਆ ਹੁੰਦਾ, ਰਾਸ਼ਨ ਸਾਰਾ 'ਸੇਲ' ਹੋ ਗਿਆ।

ਹੁਕਮ ਬਜਾਉਣਾ, ਦਿਲ ਪਰਚਾਉਣਾ, ਤਨ ਮਨ ਸੀਖ ਕਮਾ ਕੇ ਲਿਆਉਣਾ,
'ਸੈਣੀ' ਔਰਤ ਦੇ ਯੁਗ ਅੰਦਰ, ਅਜ ਦਾ ਮਰਦ ਰਖੇਲ ਹੋ ਗਿਆ।

•

♣

ਇਕ ਵਾਰੀ ਫਿਰ ਯਾਰ ਇਲੈਕਸ਼ਨ ਹਾਰ ਗਏ।
ਡਾਢੀ ਪਈ ਹੈ ਮਾਰ, ਇਲੈਕਸ਼ਨ ਹਾਰ ਗਏ।

ਅਧ ਅਸਮਾਨੀ ਉੱਡਦੇ ਸਾਂ, ਸੁਣ ਜਿੱਤ ਦੀ ਗੱਲ,
ਡਿੱਗੇ ਮੂੰਹ ਦੇ ਭਾਰ, ਇਲੈਕਸ਼ਨ ਹਾਰ ਗਏ।

ਜਿਤ ਜਾਂਦੇ ਤਾਂ ਅੱਗੇ ਪਿੱਛੇ ਫਿਰਦੇ ਸਭ,
ਛਡ ਗਏ ਮਿੱਤਰ-ਯਾਰ, ਇਲੈਕਸ਼ਨ ਹਾਰ ਗਏ।

ਪੈਸਾ ਰਿਹਾ ਨਾ ਇੱਜ਼ਤ, ਭੀੜ ਨਾ ਚਮਚਿਆਂ ਦੀ,
ਨਾ ਕੋਠੀ, ਨਾ ਕਾਰ, ਇਲੈਕਸ਼ਨ ਹਾਰ ਗਏ।

ਸੱਤੀਂ ਵੀਹੀਂ ਸੌ ਸੀ ਹਰ ਇਕ ਗੱਲ 'ਚ, ਹੁਣ,
ਥਾਂ ਥਾਂ ਤੋਂ ਫਿਟਕਾਰ, ਇਲੈਕਸ਼ਨ ਹਾਰ ਗਏ।

ਹੁਣ ਤਾਂ ਬਸ ਕਹਿੰਦੇ ਹਾਂ 'ਸੈਣੀ' ਠੀਕ ਹੈ ਉਹ,
"ਜੋ ਕਰਦੈ ਕਰਤਾਰ", ਇਲੈਕਸ਼ਨ ਹਾਰ ਗਏ।

•

♣

ਵਾਹ ਵਾਹ ਸਾਡੇ ਦੇਸ਼ ਦੀ ਪਰਜਾ, ਵਾਹ ਵਾਹ ਪਰਜਾਤੰਤਰ।
ਰੋਟੀ ਦੇ ਛਾਬੇ ਦੀ ਰਾਖੀ, ਅਸੀਂ ਬਿਠਾਉਂਦੇ ਬੰਦਰ।

ਸਾਡਾ ਆਸ਼ਾ ਚੋਣਾਂ ਜਿੱਤ ਕੇ, ਜਾਈਏ ਬਣ ਮਨਿਸਟਰ।
ਚੋਣਾਂ ਹਾਰ ਜਾਈਏ ਤਾਂ ਬਣੀਏ, ਗਵਰਨਰ ਜਾਂ ਅੰਬੈਸਡਰ।

ਜਿਹੜੇ ਦੇਸ਼ 'ਚ ਨੇਤਾ ਲੋਗ ਹੀ ਕਰਦੇ ਹੋਣ ਘੁਟਾਲੇ,
ਓਸ ਦੇਸ਼ ਦੀ ਬੇੜੀ ਕਿਉਂ ਨਾ ਡੋਬੇਗਾ ਪਰਮੇਸ਼ਰ?

ਲਹਿੰਦੇ ਵਲ ਨੂੰ ਕਹਿਣਾ ਲੇਕਿਨ ਜਾਣਾ ਚੜ੍ਹਦੇ ਵਲ ਨੂੰ,
ਸਾਡੀ ਕਥਨੀ ਤੇ ਕਰਨੀ ਵਿਚ, ਕਿੰਨਾ ਕਿੰਨਾ ਅੰਤਰ।

ਕਰਨ ਧਰਨ ਨੂੰ ਜ਼ੀਰੋ ਆਪਾਂ, ਅਮਲ ਕਰਨ ਨੂੰ ਫਾਡੀ,
ਗੱਲੀਂ ਬਾਤੀਂ ਰਚ ਸਕਦੇ ਹਾਂ ਲੇਕਿਨ ਬੜੇ ਅਡੰਬਰ।

ਆਓ ਰਲ ਕੇ ਕਹੀਏ 'ਸੈਣੀ' ਜੈ ਕੁਰਪਸ਼ਨ-ਮਾਤਾ,
ਇਮਤਿਹਾਨ ਬਿਨ ਦਿੱਤਿਆ ਮਿਲਦੇ, ਸੌ ਚੋਂ ਸੌ ਹੀ ਨੰਬਰ।

•

♣

ਮਾੜੇ ਮੋਟੇ ਹੀ ਨੇਤਾ ਨੂੰ ਜੇ ਮੈਂ ਘਰੇ ਬੁਲਾਇਆ ਹੁੰਦਾ।
ਅਖ਼ਬਾਰਾਂ ਵਿਚ ਫੋਟੋ ਛਪਦੀ, ਚਰਚਾ ਦੂਣ-ਸਵਾਇਆ ਹੁੰਦਾ।

ਦੋ ਡੰਗਾਂ ਦੀ ਰੋਟੀ ਤੋਂ ਹੀ ਹੁੰਦਾ ਨਾ ਮੈਂ ਏਦਾਂ ਆਤੁਰ,
"ਕੋਫ਼ਿਨ" ਦੀ ਸਪਲਾਈ ਦਾ ਹੀ, ਜੇ ਧੰਦਾ ਅਪਣਾਇਆ ਹੁੰਦਾ।

ਕਵੀ ਹੋਣ ਤੋਂ ਚੰਗਾ ਸੀ ਜੇ ਟੁੱਲ ਲਗਾਉਣਾ ਹੀ ਸਿੱਖ ਲੈਂਦੇ,
ਕਰ ਕਰ ਕੇ ਮੈਚਾਂ ਦੀ ਫਿਕਸਿੰਗ, ਪੈਸਾ ਖ਼ੂਬ ਕਮਾਇਆ ਹੁੰਦਾ।

ਕੀ "ਪੀ.ਐਮ." ਤੇ ਕੀ "ਸੀ.ਐਮ." ਸਭ ਮੇਰੀ ਹੀ ਪਰਦਖ਼ਣਾ ਕਰਦੇ,
'ਫੂਲਾਂ' ਅਤੇ 'ਵੀਰੱਪਨ' ਵਾਂਗੂੰ, ਜੇ ਮੈਂ ਗੈਂਗ ਬਣਾਇਆ ਹੁੰਦਾ।

'ਸੈਣੀ' ਜੇ ਮੈਂ ਲੀਡਰ ਹੁੰਦਾ, ਮੈਂ ਵੀ ਏਦਾਂ ਹੀ ਕਰਨਾ ਸੀ,
'ਗਾਮਾ', 'ਲਵਲੀ', 'ਭੋਲਾ', ਐਮ.ਪੀ., ਐਮ.ਐਲ.ਏ. ਬਣਵਾਇਆ ਹੁੰਦਾ।

♣

'ਗਾਮਾ', 'ਲਵਲੀ', 'ਭੋਲਾ',
ਲੇਖਕ ਦੇ ਅਪਣੇ ਬੱਚੇ

♣

♣

ਫਿਰ ਆ ਗਏ ਨੱਚਣ ਨਚਾਵਣ ਲਈ ਮਦਾਰੀ ਆ ਗਏ।
ਜੰਤਾ ਨੂੰ ਲੁੱਟਣ ਦੇ ਲਈ ਝੂਠੇ ਵਪਾਰੀ ਆ ਗਏ।

ਇਕ ਰਾਤ ਵਿਚ ਹੀ ਬਣ ਗਿਆ, ਲੋਕਾਂ ਦਾ ਗ਼ਮ, ਇਹਨਾ ਦਾ ਗ਼ਮ,
ਮੂੰਹ ਤੇ ਮਖੌਟੇ ਪਹਿਨ ਇਹ, ਪੱਲੇ ਪਸਾਰੀ ਆ ਗਏ।

ਕਿਸ ਕਿਸ ਤਰ੍ਹਾਂ ਨੇ ਫਹੁਣੀਆਂ, ਵੋਟਾਂ ਦੇ ਜਾਲ਼ੀਂ ਘੁੱਗੀਆਂ,
ਬਣਕੇ ਸ਼ਿਕਾਰੀ ਵਕਤ ਦੇ, ਸ਼ਿਕਰੇ, ਸ਼ਿਕਾਰੀ ਆ ਗਏ।

ਲਿਬੜੇ ਪਏ ਜੋ ਨਹੁੰਆਂ ਤਕ, ਰਿਸ਼ਵਤ ਦੇ ਭਰਿਸ਼ਟਾਚਾਰ ਵਿਚ,
ਪਾ ਕੇ ਲਿਬਾਸ ਦੂਧੀਆ, ਸਭ ਭਰਿਸ਼ਟਾਚਾਰੀ ਆ ਗਏ।

ਇਕ ਲੈ ਰਿਹਾ ਨਾਂ ਧਰਮ ਦਾ, ਇਕ ਦੇਸ਼ ਦਾ, ਇਕ ਜਾਤ ਦਾ,
ਇਹ ਬੇਗੁਰੇ, ਬੇਪੀਰ, ਬਣਕੇ ਸ਼ਿਸ਼ਟਾਚਾਰੀ ਆ ਗਏ।

ਹਥ ਜੋੜ ਚਰਣੀਂ ਲਗ ਰਹੇ, ਮਿੰਨਤਾਂ ਦੇ ਅਥਰੂ ਸੁਟ ਰਹੇ,
ਭਿਉਂ ਕੇ ਸ਼ਹਿਦ ਵਿਚ ਜੀਭ ਨੂੰ, ਬਣ ਕੇ ਭਿਖਾਰੀ ਆ ਗਏ।

ਲਾਉਣਗੇ ਦਾਅ ਤੇ ਤੁਸਾਂ ਨੂੰ, ਇਹ 'ਸ਼ਕੁਨੀ' ਅੰਤ ਨੂੰ,
ਬਣਕੇ 'ਯੁਧਿਸਟਰ' ਸਮੇਂ ਦੇ, 'ਸੈਣੀ' ਜੁਆਰੀ ਆ ਗਏ।

•

♣

ਚੋਰ ਵੱਟੇ ਸਾਧ ਨੂੰ ਤੇ ਸਾਧ ਵੱਟੇ ਚੋਰ ਨੂੰ।
ਫੜਨਾ ਹੁੰਦੇ ਹੋਰ ਨੂੰ, ਫੜ ਬੈਠਦੇ ਨੇ ਹੋਰ ਨੂੰ।

ਹਰ ਤਰਫ਼ ਹੈ ਹਿੱਸਾ-ਪੱਤੀ, ਸੌਦੇਬਾਜ਼ੀ ਹਰ ਤਰਫ਼,
ਆਪ ਜਿਹੜਾ ਚੋਰ ਹੈ ਉਹ ਕੀ ਫੜੂਗਾ ਚੋਰ ਨੂੰ?

ਲੋਕ ਵੀ ਕਦ ਘੱਟ ਨੇ ਅਜ ਦੀ ਸਿਆਸੀ-ਚਾਲ ਤੋਂ,
ਵਾਅਦਾ ਕਰਦੇ ਹੋਰ ਨੂੰ ਤੇ ਵੋਟ ਦਿੰਦੇ ਹੋਰ ਨੂੰ।

ਇਕ ਪਾਸੇ ਤਾਂ ਹਾਕਮ ਸਾਨੂੰ ਕਹਿੰਦੇ ਨੇ ਚੌਕਸ ਰਹੋ,
ਦੂਜੇ ਪਾਸੇ ਆਪ ਕਰਦੇ ਨੇ ਇਸ਼ਾਰਾ ਚੋਰ ਨੂੰ।

ਹੋ ਗਏ ਨੇ ਇਸ ਕਦਰ ਪਿਆਰੇ ਵੀ ਅਜਕਲ ਸਿਆਸਤੀ,
ਲਾਰੇ ਲਾਂਦੇ ਹੋਰ ਨੂੰ ਤੇ ਪਿਆਰ ਕਰਦੇ ਹੋਰ ਨੂੰ।

ਖਵਰੇ ਕੀ ਛੁਪਿਆ ਹੈ 'ਸੈਣੀ' ਦਿਲ ਦੀ ਹਰ ਧੜਕਨ ਦੇ ਵਿਚ,
ਕੋਈ ਅਪਣਾ ਬਣ ਕੇ ਪੁੱਛੇ, ਦੱਸੀਏ ਕੀ ਹੋਰ ਨੂੰ?

•

♣

ਜੋ ਰਹਿਣ ਪਿੱਠੂ ਸਦਾ ਸਰਕਾਰ ਦੇ।
ਉਹ ਨਹੀਂ ਕਾਬਿਲ ਕਿਸੇ ਇਤਬਾਰ ਦੇ।

ਇਸ਼ਕ ਬਾਰੇ ਹੀ ਲਿਖਣ ਦੀ ਲੋੜ ਨਈਂ,
ਹੋਰ ਵੀ ਤਾਂ ਮਸਲੇ ਹਨ ਸੰਸਾਰ ਦੇ।

ਹਰ ਜਗ੍ਹਾਂ ’ਤੇ ਭਾਰੂ ਹੋਈਆਂ ਰਿਸ਼ਵਤਾਂ,
ਮੁੱਲ ਮਹਿੰਗੇ ਹੋ ਗਏ ਰੁਜ਼ਗਾਰ ਦੇ।

ਲੋਕ-ਬੋਲੀ ਵਿਚ ਕਰੇ ਜੋ ਮਨ ਦੀ ਗੱਲ,
ਲੋਕ ਵੀ ਉਸਨੂੰ ਹੀ ਨੇ ਸਤਿਕਾਰ ਦੇ।

ਕਦ ਉਹ ਮੰਨਦੇ ਨੇ ਕਿਸੇ ਦੀ ਧੌਂਸ ਨੂੰ,
ਪਿਆਰ ਵਿਚ ਗਲਤਾਨ ਨੇ ਜੋ ‘ਯਾਰ’ ਦੇ।

ਵੇਖ ਕੇ ਮਜ਼ਲੂਮ ਦੇ ਮੂੰਹ ’ਤੇ ਜਲਾਲ,
ਹੋ ਗਏ ਔਸਾਨ ਗੁੰਮ ਜ਼ਰਦਾਰ ਦੇ।

ਮਿਹਨਤਾਂ ਦੀ ਹੋਣੀ ਹੈ ਓੜਕ ਨੂੰ ਜਿੱਤ,
ਮਿਹਨਤੀ ਹੀ ਹਰ ਬੁਰਾਈ ਮਾਰਦੇ।

•

♣

ਯੁੱਗਾਂ ਤੋਂ ਵੀ ਲੰਮੀਆਂ ਲੱਗਣ, ਹਿਜਰ ਤੇਰੇ ਦੀਆਂ ਰਾਤਾਂ।
ਕਿੱਥੋਂ ਲੱਭਾਂ ਯਾਰਾ ਤੇਰੀਆਂ, ਮਾਖਿਉਂ ਮਿੱਠੀਆਂ ਬਾਤਾਂ?

ਤੂੰ ਨਹੀਂ ਏ ਤਾਂ ਆਲ-ਦੁਆਲਾ, ਘੁੱਪ ਹਨੇਰਾ ਲੱਗੇ,
ਤੂੰ ਸੀਗਾ ਤਾਂ ਆਲ-ਦੁਆਲੇ, ਚੜ੍ਹੀਆਂ ਸਨ ਪ੍ਰਭਾਤਾਂ।

ਖ਼ਬਰ ਨਹੀਂ ਤੂੰ ਕਿਸ ਚੱਕਰ ਵਿਚ ਪੈ ਗਿਆ ਏਂ ਦਿਲ-ਜਾਨੀ,
ਪਾਣੀ, ਅੱਗ, ਹਵਾ ਦੀਆਂ ਦੱਸੀਂ, ਕੌਣ ਪੁੱਛਦੈ ਜਾਤਾਂ?

ਤੇਰਾ ਮੇਰਾ ਮਿਲਣਾ ਮੈਨੂੰ, ਅਣਹੋਣਾ ਇਉਂ ਲਗਦੈ,
ਜਿਉਂ ਸ਼ਾਮਾਂ ਨੂੰ ਲਖ ਚਾਹੁਣ ਤੇ, ਮਿਲੀਆਂ ਨਾ ਪਰਭਾਤਾਂ।

ਹਉਕੇ, ਹਾਵੇ, ਦਰਦਾਂ, ਪੀੜਾਂ, ਫ਼ਿਕਰ, ਉਦਾਸੀ, ਰੋਣਾਂ,
ਇਸ਼ਕ ਦੀ ਹੱਟੀ ਬਿਨ ਐ 'ਸੈਣੀ', ਕਿੱਥੇ ਇਹ ਸੌਗਾਤਾਂ।

•

♣

ਕਿਸੇ ਦੇ ਕਹਿਣ ’ਤੇ ਹੀ ਕਿਉਂ ਕਿਸੇ ਨੂੰ ਮੈਂ ਬੁਰਾ ਆਖਾਂ?
ਖਰੇ ਤਾਈਂ ਖਰਾ ਆਖਾਂ ਤੇ ਸਰਬਤ ਦਾ ਭਲਾ ਆਖਾਂ।

ਤੁਸਾਂ ਦੇ ਵਾਂਗ ਮੈਂ ਯਾਰੋ, ਨਹੀਂ ਅਪਣਾਉਂਦਾ ਇਹ ਨੀਤੀ,
ਬਗਲ ਵਿਚ ਤਾਂ ਛੁਰੀ ਰੱਖਾਂ, ਮਗਰ ਮੂੰਹ ’ਚੋ ਖ਼ੁਦਾ ਆਖਾਂ।

ਉਹ ਭਾਵੇਂ ਬੇਵਫਾਈ ਕਰ ਗਿਆ ਪਰ ਯਾਰ ਹੈ ਮੇਰਾ,
ਬਣਾਂ ਨਰਕਾਂ ਦਾ ਭਾਗੀ ਮੈਂ ਜੇ ਉਸਨੂੰ ਬੇ-ਵਫਾ ਆਖਾਂ।

ਕਦੇ ਹਸ ਕੇ ਕਤਲ ਕਰਨਾ, ਕਦੇ ਰੋ ਕੇ ਕਤਲ ਕਰਨਾ,
ਇਨੂੰ, ਆਦਤ ਕਹਾਂ ਜਾਂ ਫਿਰ ਇਹ ਕਾਤਲ ਦੀ ਅਦਾ ਆਖਾਂ।

ਮੈਂ ਉਸਦੇ ਰੂਪ ਵਿਚ, ਸ਼ਿੰਗਾਰ ਵਿਚ ਹਥ ਸਮਝ ਕੇ ਅਪਣਾ,
ਕਦੇ ਖ਼ੁਦ ਨੂੰ ਕਹਾਂ ਸੁਰਮਾ, ਕਦੇ ਖ਼ੁਦ ਨੂੰ ਹਿਨਾ ਆਖਾਂ।

ਮੈਂ ਇਹ ਦਾਅਵਾ ਨਹੀਂ ਕਰਦਾ, ਚਲੋ ਚੰਗਾ ਵੀ ਹੋਵਾਂਗਾ,
ਮਗਰ ਤਾਂ ਵੀ ਕਿਵੇਂ ‘ਸੈਣੀ’ ਮੈਂ ਖ਼ੁਦ ਨੂੰ ਪਾਰਸਾ ਆਖਾਂ?

•

♣

ਸੋਚਾਂ ਵਿਚ ਵੀ ਆਉਂਦੇ ਓ ਜਦ ਜ਼ਨਾਬ ਕਦੇ।
ਖਿੜਦੈ ਦਿਲ ਵਿਚ, ਗੇਂਦਾ ਕਦੇ, ਗੁਲਾਬ ਕਦੇ।

ਉਸਨੂੰ ਪੁੱਛੋ, ਉਸ ਦੇ ਦਿਲ ਤੇ ਬੀਤੇ ਕੀ,
ਜਿਸਦੇ ਖ਼ਤ ਦਾ ਆਉਂਦਾ ਨਹੀਂ ਜਵਾਬ ਕਦੇ।

ਪਾਣੀ ਵਿਚ ਪਾ ਪੈਰ, ਕੜੰਗੀਆਂ ਪਾਉਂਦੇ ਸਾਂ,
ਭੁਲਦੀ ਨਹੀਂ ਭੁਲਾਇਆਂ 'ਸੁਖਨਾ' ਢਾਬ ਕਦੇ।

ਭੇਂਟ ਚੜ੍ਹੇ ਉਹ ਨਾ ਜਾਣੇ ਕਿਸ ਹੋਣੀ ਦੀ,
ਵੇਖੇ ਸੀ ਜੋ ਦਿਨ ਵੇਲੇ ਮੈ ਖ਼ਾਬ ਕਦੇ।

ਤੂੰ ਕਹਿਨੈਂ ਇਹ ਤੇਰੇ ਗ਼ਮ ਦੀ ਦਾਰੂ ਹੈ,
'ਦਾਰੂ' ਵੀ ਬਣ ਸਕਦੀ ਭਲਾ ਸ਼ਰਾਬ ਕਦੇ?

ਖਿਲਰੇ ਵਾਲ ਤੇ ਉਡਿਆ ਚਿਹਰਾ ਦਸਦਾ ਹੈ,
ਝੰਬੇ ਇਸ਼ਕ ਦੇ, ਮੁੜ ਨਾ ਆਉਂਦੇ ਤਾਬ ਕਦੇ।

ਮੇਰੇ ਵਾਂਗ ਕਿਸਾਨਾਂ ਦੀ ਵੀ ਕਿਸਮਤ ਨੂੰ,
ਲੁਟ ਲੈਂਦੀ ਹੈ, ਔੜ ਕਦੇ, ਸੈਲਾਬ ਕਦੇ।

ਕਿਸ ਚੱਕਰ ਵਿਚ ਪੈ ਗਿਆ ਏਂ ਐ 'ਸੈਣੀ' ਤੂੰ,
ਪਿਆਰ-ਪਰੁੱਤੇ ਕਰਦੇ ਨਹੀਂ ਹਿਸਾਬ ਕਦੇ।

•

♣

ਨਾ ਤਾਂ ਮੂੰਹ ’ਤੇ ਰਹੀ ਹੈ ਰੌਣਕ, ਨਾ ਘੋੜੇ ਜਿਹੀ ਚਾਲ।
ਹਾਲੇ ਵੀ ਵੇਲਾ ਹੈ ਸਜਣਾ ਅਪਣਾ ਆਪ ਸੰਭਾਲ।

ਮੁੜ ਨਾ ਫੇਰ ਜਵਾਨੀ ਆਵੇ, ਨਾ ਉਹ ਰੰਗ, ਨਾ ਰੂਪ,
ਲਾ ਲਓ ਇਤਰ ਕਰੀਮਾਂ ਬੇਸ਼ਕ, ਕਾਲੇ ਕਰ ਲਓ ਵਾਲ।

ਡੀਕਾਂ ਲਾਕੇ ਖ਼ੂਨ ਜਿਗਰ ਦਾ, ਪਲ ਪਲ, ਛਿਣ ਛਿਣ ਪੀਵੇ,
ਦਿਲ ਦੇ ਵਿਚ ਜੋ ਪਾਲਿਆ ਏ ਮੈਂ , ਪਿਆਰਾਂ ਦਾ ਮਖਿਆਲ।

ਖਵਰੇ ਕਿਉਂ ਜਨਤਾ ਤੇ ਨੇਤਾ ਚੁੱਪ ਕਰ ਕੇ ਹਨ ਬੈਠੇ,
ਸੱਠਾਂ ਤੋਂ ਵਧ ਛੋਲੇ ਵਿਕ ਰਹੇ, ਚਾਲੀ ਤੋਂ ਵਧ ਦਾਲ।

ਨਾ ਮਮਤਾ, ਨਾ ਲਾਡ, ਨਾ ਝਿੜਕਾਂ, ਨਾ ਇੱਜ਼ਤ ਨਾ ਮਾਣ,
ਮਾਂ ਬਾਝੋਂ ਕਾਹਦੇ ਨੇ ਪੇਕੇ? ਸੱਸ ਬਿਨ ਕੀ ਸਸੁਰਾਲ?

ਪਿੰਡ ਤੇਰਾ ‘ਕਠਵਾ’ ਹੈ ‘ਸੈਣੀ’ ਡਾਕਖਾਨਾ ‘ਕਲਸਾਣਾ’,
‘ਕੁਰੂਕਸ਼ੇਤਰ’ ਜ਼ਿਲਾ ਹੈ ਅਜਕਲ, ਪਹਿਲਾਂ ਸੀ ‘ਕਰਨਾਲ’।

•



ਬਲਬੀਰ ਸਿੰਘ ਸੈਣੀ ਜਿਸ ਸਹਿਜ ਨਾਲ ਜ਼ਿੰਦਗੀ ਜੀਅ ਰਿਹਾ ਹੈ, ਉਸੇ ਸਹਿਜ ਨਾਲ ਹੀ ਉਹ ਅਦਬੀ-ਤਖ਼ਲੀਕ ਕਰ ਰਿਹਾ ਹੈ। ਇਹ ਇਸੇ ਸਹਿਜਤਾ ਦਾ ਹੀ ਨਤੀਜਾ ਹੈ ਕਿ ਉਸ ਦੀ ਹਰ ਕਾਵਿ-ਵੰਨਗੀ ਪੱਕੇ ਫ਼ਲ ਦੀ ਭਾਂਤੀ ਸੁਆਦਲੀ ਹੁੰਦੀ ਹੈ। ਉਸ ਦੀ ਸ਼ਾਇਰੀ ਦੀ ਇਹ ਵੀ ਵਿਸ਼ੇਸ਼ਤਾ ਹੈ ਕਿ ਉਹ ਆਪਣੇ ਨਿੱਜ ਨੂੰ ਇਉਂ ਪ੍ਰਗਟ ਕਰਦਾ ਹੈ ਕਿ ਉਹ ਸਮਾਜ ਨੂੰ ਆਪਣਾ ਹੀ ਮਹਿਸੂਸ ਹੁੰਦਾ ਹੈ। ਉਸ ਦੀ ਲੇਖਣੀ ਵਿਚੋਂ ਜ਼ਿੰਦਗੀ ਪ੍ਰਤੀ ਸਾਰਥਕ ਹੁੰਘਾਰੇ ਮਿਲਦੇ ਹਨ। ਜਿਵੇਂ ਜਿਵੇਂ ਸਮਾਜ ਦੀ ਸੋਚ ਵਿਚ ਪਰਿਵਰਤਨ ਆਉਂਦਾ ਗਿਆ ਹੈ, ਤਿਵੇਂ ਤਿਵੇਂ ਸੈਣੀ ਦੀ ਲੇਖਣੀ ਵਿਚ ਨਵੀਨਤਾ ਆਉਂਦੀ ਗਈ ਹੈ। ਉਸ ਦੀ ਗ਼ਜ਼ਲਗੋਈ ਵਿਚ ਤਗ਼ੱਜ਼ੁਲ ਵੀ ਬਰਕਰਾਰ ਹੈ ਅਤੇ ਈਮਾਈਅਤ (ਸੰਕੇਤ) ਵੀ। ਸੈਣੀ ਦੀ ਸ਼ਾਇਰੀ ਨਾਲ ਜਿਸ ਪਾਠਕ ਦਾ ਪਹਿਲੀ ਵਾਰੀ ਵਾਹ ਪੈਂਦਾ ਹੈ, ਉਹ ਹਮੇਸ਼ਾ ਲਈ ਉਸੇ ਦਾ ਹੋ ਜਾਂਦਾ ਹੈ। ਚੁੰਬਕੀ ਖਿੱਚ ਵਾਲਾ ਇਹ ਹੁਨਰ ਵਿਰਲੇ ਟਾਂਵੇਂ ਸ਼ਾਇਰਾਂ ਦੇ ਹਿੱਸੇ ਹੀ ਆਉਂਦਾ ਹੈ।

ਦਰਸ਼ਨ ਸਿੰਘ ਆਸ਼ਟ (ਡਾ.)

ਬਲਬੀਰ ਸਿੰਘ ਸੈਣੀ ਬੇਸ਼ਕ ਸਾਹਿਤ ਦੀ ਹਰ ਵਿਧਾ ਦਾ ਸਫਲ ਰਚੇਤਾ ਹੈ ਪਰ ਗ਼ਜ਼ਲ ਉਸਦੇ ਖ਼ੂਨ ਵਿਚ ਰਮੀ ਹੋਈ ਹੈ। ਪਿੰਗਲ ਦਾ ਉਸਨੂੰ ਅਸੀਮ ਗਿਆਨ ਹੈ। ਜਦੀਦੀਅਤ ਉਸਦੀ ਗ਼ਜ਼ਲ ਦੀ ਪਹਿਚਾਣ ਹੈ ਅਤੇ ਸਹਿਜਤਾ, ਕੋਮਲਤਾ, ਕਲਾਤਮਕਤਾ, ਸੰਗੀਤਾਤਮਕਤਾ ਉਸਦੀ ਗ਼ਜ਼ਲ ਦੇ ਗੁਣ ਹਨ। ਬਲਬੀਰ ਸਿੰਘ ਸੈਣੀ ਦੀ ਹਥਲੀ ਪੁਸਤਕ 'ਸਿੱਪ ਦੇ ਮੋਤੀ' ਤਗ਼ੱਜ਼ੁਲ ਅਤੇ ਜਦੀਦੀਅਤ ਦਾ ਬੇਮਿਸਾਲ ਸੁਮੇਲ ਹੈ। ਇਸ ਸੰਗ੍ਰਹਿ ਦੀਆਂ ਗ਼ਜ਼ਲਾਂ ਦੇ ਸ਼ਿਅਰ ਭਾਸ਼ਾਈ ਸੁੰਦਰਤਾ ਦਾ ਪ੍ਰਤੀਕ ਹਨ।

*ਗੁਰਚਰਨ ਕੌਰ ਕੋਚਰ, ਲੁਧਿਆਣਾ*


unistarbooks.com
e-mail: info@unistarbooks.com,
editorial@unistarbooks.com

**UNISTAR BOOKS PVT. LTD.**
**INDIA**
**Chandigarh** : 26-27 Top Floor, Sector 34A
Ph.: 0172-5077427, 5077428, 5089761
**Ludhiana** : Punjabi Bhawan • 98154 71219

ISBN 81-7142-235-7

9788171422357

**Rs. 125/-**